

ਨਿਰਪੱਖ ਪੱਤਰਕਾਰੀ

ਦਾ ਸਾਥ ਦੇਣ ਲਈ

ਪੜੋ ਰੋਜ਼ਾਨਾ ਲੋਕ ਬਾਣੀ



ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ੁੱਕਰਵਾਰ, 13 ਸਤੰਬਰ 2024

Email:- lokbani08@gmail.com


**ਅੱਜ ਦਾ ਸ਼ੁਭ ਵਿਚਾਰ**



ਹੰਕਾਰ ਉਸ ਨੂੰ ਹੀ ਹੁੰਦਾ ਹੈ, ਜਿਸ ਨੇ ਬਿਨਾਂ ਮਿਹਨਤ ਕੀਤੇ ਸਭ ਕੁੱਝ ਪ੍ਰਾਪਤ ਕੀਤਾ ਹੋਵੇ। ਜਿਸ ਨੇ ਮਿਹਨਤ ਨਾਲ ਸਭ ਹਾਸਿਲ ਕੀਤਾ ਹੁੰਦਾ ਹੈ ਉਹ ਦੂਸਰਿਆਂ ਦੀ ਮਿਹਨਤ ਦੀ ਕਦਰ ਕਰਦਾ ਹੈ।

ਪਿਆਰਾ ਲਾਲ

ਰੋਜ਼ਾਨਾ ਲੋਕ ਬਾਣੀ
www.lokbani.com


R. N. I. Punpun/29016/2008 * ਸਾਲ 16 , * ਅੰਕ : 96, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111



DIPS IMT

DIPS INSTITUTE OF MANAGEMENT & TECHNOLOGY

RAMNEEK AVENUE, PATHANKOT BYE PASS
JALANDHAR CITY

www.dipsimt@gmail.com ( dipsimt@gmail.com )

CONTACT : 95010-00697, 97806-00998


## ਇਜ਼ਰਾਈਲ ਨੇ ਕੀਤਾ ਹਵਾਈ ਹਮਲਾ 25 ਫਲਸਤੀਨੀਆਂ ਦੀ ਹੋਈ ਮੌਤ

**ਯੇਰੂਸ਼ਲਮ, ਲੋਕ ਬਾਣੀ**-ਫ਼ਲਸਤੀਨੀ ਇਲਾਕਿਆਂ 'ਚ ਇਜ਼ਰਾਈਲ ਵੱਲੋਂ ਕੀਤੇ ਹਵਾਈ ਹਮਲਿਆਂ 'ਚ 25 ਵਿਅਕਤੀ ਮਾਰੇ ਗਏ। ਇਨ੍ਹਾਂ 'ਚੋਂ ਪੰਜ ਫਲਸਤੀਨੀ ਪੱਛਮੀ ਕੰਢੇ ਅਤੇ 20 ਗਾਜ਼ਾ ਪੱਟੀ 'ਚ ਹਲਾਕ ਹੋਏ ਹਨ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਟੈਂਟ ਕੈਂਪ 'ਤੇ ਹੋਏ ਹਮਲੇ 'ਚ 19 ਵਿਅਕਤੀ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਇਜ਼ਰਾਈਲ-ਹਮਾਸ ਜੰਗ 'ਚ ਹੁਣ ਤੱਕ 40 ਹਜ਼ਾਰ ਤੋਂ ਵਧ ਫਲਸਤੀਨੀ ਹਲਾਕ ਹੋ ਚੁੱਕੇ ਹਨ। ਇਜ਼ਰਾਈਲ ਨੇ ਕਿਹਾ ਹੈ ਕਿ ਉਸ ਨੇ ਸਿਰਫ਼ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਇਆ ਹੈ



ਤੇ ਸਬੂਤ ਦਿੱਤੇ ਬਿਨਾਂ ਦਾਅਵਾ ਕੀਤਾ ਕਿ ਹੁਣ ਤੱਕ 17 ਹਜ਼ਾਰ ਅਤਿਵਾਦੀ ਮਾਰੇ ਜਾ ਚੁੱਕੇ ਹਨ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਨ੍ਹਾਂ ਪੱਛਮੀ ਕੰਢੇ ਦੇ ਟੂਬਾਸ ਸ਼ਹਿਰ 'ਚ ਅੱਜ ਤੜਕੇ ਅਤਿਵਾਦੀਆਂ ਦੇ ਗਰੁੱਪ ਨੂੰ ਨਿਸ਼ਾਨਾ ਬਣਾਇਆ ਸੀ।

## ਨਿਫਟੀ ਦੀ ਹੋਈ ਝੜਾਈ ਸੈਂਸੈਕਸ ਪਹਿਲੀ ਵਾਰ 83000 ਤੋਂ ਉੱਪਰ

**ਮੁੰਬਈ, ਲੋਕ ਬਾਣੀ**--ਸਟਾਕ ਮਾਰਕੀਟ ਨੇ ਵੀਰਵਾਰ ਨੂੰ ਰਿਕਾਰਡ ਤੋੜ ਦਿੱਤਾ ਹੈ, ਸੈਂਸੈਕਸ ਅਤੇ ਨਿਫਟੀ ਦੋਵੇਂ ਰਿਕਾਰਡ ਉੱਚੇ ਪੱਧਰ 'ਤੇ ਬੰਦ ਹੋਏ। ਸੈਂਸੈਕਸ 1,439.55 ਅੰਕਾਂ ਦੇ ਵਾਧੇ ਨਾਲ 82,962.71 'ਤੇ ਬੰਦ ਹੋਇਆ, ਜਦੋਂ ਕਿ ਨਿਫ਼ਟੀ 395.40 ਅੰਕਾਂ ਦੇ ਵਾਧੇ ਨਾਲ 25,313.85 'ਤੇ



ਬੰਦ ਹੋਇਆ। ਸੂਚੀਬੱਧ ਨਿਫਟੀ 50 ਕੰਪਨੀਆਂ ਵਿੱਚੋਂ 49 ਨੇ ਲਾਭ ਵਿਚ ਰਹੀਆਂ, ਸਿਰਫ਼ ਇੱਕ ਸਟਾਕ ਨੇ ਲਾਲ ਰੰਗ ਵਿੱਚ ਸੈਸ਼ਨ ਦੀ ਸਮਾਪਤੀ ਕੀਤੀ।

## ਕੋਲਕਾਤਾ ਦੇ ਹਸਪਤਾਲ ਵਿਚ ਲਾਵਾਰਿਸ ਬੈਗ ਮਿਲਣ ਨਾਲ ਫੈਲੀ ਸਨਸਨੀ

**ਕੋਲਕਾਤਾ, ਲੋਕ ਬਾਣੀ**--ਪੱਛਮੀ ਬੰਗਾਲ ਦੇ ਕੋਲਕਾਤਾ ਸਥਿਤ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇਕ ਲਾਵਾਰਿਸ ਬੈਗ ਮਿਲਣ ਕਾਰਨ ਹਫੜਾ-ਦਫੜੀ ਮੱਚ ਗਈ, ਜਿਸ ਮਗਰੋਂ ਬੰਬ ਨਿਰੋਧਕ ਦਸਤਾ ਮੌਕੇ 'ਤੇ ਪਹੁੰਚਿਆ। ਟੀਵੀ ਚੈਨਲ 'ਤੇ ਪ੍ਰਸਾਰਿਤ ਵੀਡੀਓ ਮੁਤਾਬਕ, ਬੰਬ ਨਿਰੋਧਕ ਦਸਤਾ ਖੋਜੀ ਕੁੱਤਿਆਂ ਦੇ ਨਾਲ ਉਸ ਸਥਾਨ ਦੀ ਜਾਂਚ ਕਰ ਰਿਹਾ ਹੈ ਜਿੱਥੇ ਜੂਨੀਅਰ ਡਾਕਟਰਾਂ ਵੱਲੋਂ 9



ਅਗਸਤ ਤੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਹਾਲਾਂਕਿ, ਫਿਲਹਾਲ ਇਹ ਜਗ੍ਹਾ ਖਾਲੀ ਹੈ ਕਿਉਂਕਿ ਡਾਕਟਰ ਸਾਲਟ ਲੇਕ ਸਥਿਤ ਸਵਾਸਥ ਭਵਨ ਦੇ ਬਾਹਰ ਧਰਨਾ ਦੇ ਰਹੇ ਹਨ

## ਜਲੰਧਰ ਚ ਬਾਬਾ ਸੋਢਲ ਮੇਲੇ ਮੌਕੇ ਸਖਤ ਹੁਕਮ ਜਾਰੀ

**ਜਲੰਧਰ, ਬਿੱਟੂ ਫੋਲੜੀਵਾਲ** -- ਪੰਜਾਬ ਦੇ ਜਲੰਧਰ ਸ਼ਹਿਰ ਚ 17 ਸਤੰਬਰ ਨੂੰ ਬਾਬਾ ਸੋਢਲ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸੇ ਨੂੰ ਲੈ ਕੇ ਪੰਜਾਬ ਸਰਕਾਰ ਦੀ ਇਕ ਸੰਸਥਾ ਪੰਜਾਬ ਮਿਊਂਸੀਪਲ ਇਨਫਰਾਸਟਰੱਕਚਰ ਡਿਵੈਲਪਮੈਂਟ ਕੰਪਨੀ ਨੇ ਸੋਢਲ ਮੇਲੇ ਸਬੰਧੀ ਜਲੰਧਰ ਨਿਗਮ ਦੇ ਕਮਿਸ਼ਨਰ ਅਤੇ



ਸ਼ਹਿਰ ਦੇ ਡਿਪਟੀ ਕਮਿਸ਼ਨਰ ਨੂੰ ਕੁਝ ਹਦਾਇਤਾਂ ਭੇਜੀਆਂ ਹਨ, ਜਿਸ ਤੋਂ ਬਾਅਦ ਜਲੰਧਰ ਨਿਗਮ ਨੇ ਇਸ ਵਾਰ 17 ਸਤੰਬਰ ਨੂੰ ਲੱਗਣ ਵਾਲੇ ਸ਼੍ਰੀ ਸਿੱਧ ਬਾਬਾ ਸੋਢਲ ਮੇਲੇ ਨੂੰ ਪਲਾਸਟਿਕ ਮੁਕਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ

## ਨੌਜਵਾਨਾਂ ਨੇ ਸਕੂਲ ਦੇ ਬਾਹਰ ਕੀਤੀ ਫਾਇਰਿੰਗ ਲੜਕੇ ਨੂੰ ਮਾਰੀ ਗੋਲੀ

**ਬਟਾਲਾ, ਲੋਕ ਬਾਣੀ**--ਬਟਾਲਾ ਦੇ ਰਾਧਾ ਕ੍ਰਿਸ਼ਨ ਕਲੋਨੀ ਵਿਖੇ ਕੁਝ ਨੌਜਵਾਨਾਂ ਵੱਲੋਂ ਆਪਸੀ ਝਗੜੇ ਤੋਂ ਬਾਅਦ ਇੱਕ ਨੌਜਵਾਨ ਨੂੰ ਗੋਲੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਵਾਰਦਾਤ ਦੌਰਾਨ ਇੱਕ ਨੌਜਵਾਨ ਦੇ ਗੋਲੀ ਵੱਜੀ ਹੈ, ਅਧਿਕਾਰੀਆਂ ਨੇ ਦੱਸਿਆ ਕਿ ਜਿਸ ਨੌਜਵਾਨ ਦੀ ਗੋਲੀ ਵੱਜੀ ਹੈ ਉਸ ਦਾ ਨਾਮ ਦਮਨ ਗੁਰਾਇਆ ਹੈ। ਜਿਸ ਦੀ ਹਾਲਤ ਗੰਭੀਰ ਦੇਖਦੇ ਹੋਏ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਨੌਜਵਾਨ ਦੀ ਗੋਲੀ ਲੱਗਣ ਕਾਰਣ ਮੌਤ ਹੋ ਚੁੱਕੀ ਹੈ।ਮੌਕੇ 'ਤੇ ਪਹੁੰਚੇ ਐਸਪੀ ਦਾ ਕਹਿਣਾ



ਹੈ ਕਿ ਗੋਲੀ ਚੱਲਣ ਦੀ ਗੱਲ ਸਾਹਮਣੇ ਆਈ ਹੈ ਦਮਨ ਗੁਰਾਇਆ ਨਾਮ ਦੇ ਨੌਜਵਾਨ ਦੇ ਗੋਲੀ ਲੱਗੀ ਹੈ। ਜਿਸ ਨੂੰ ਬਟਾਲਾ ਦੇ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਹਾਲਤ ਗੰਭੀਰ ਦੇਖਦੇ ਹੋਏ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ।

## ਵੈਟਰਨਰੀ ਇੰਸਪੈਕਟਰ ਡਾਇਰੈਕਟਰ ਪਸ਼ੂ ਪਾਲਣ ਦੇ ਦਫਤਰ ਅੱਗੇ ਕਰਨਗੇ ਰੋਸ ਮੁਜ਼ਾਹਰਾ

**ਚੰਡੀਗੜ੍ਹ, ਵਿਨੋਦ ਸ਼ਰਮਾ** --ਪੰਜਾਬ ਸਰਕਾਰ ਅਤੇ ਡਾਇਰੈਕਟਰ ਪਸ਼ੂ ਪਾਲਣ ਵਲੋਂ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਮਸਲਿਆਂ ਦੀ ਕੀਤੀ ਜਾ ਰਹੀ ਅਣਦੇਖੀ ਵਜੋਂ ਪੰਜਾਬ ਦੇ ਵੈਟਰਨਰੀ ਇੰਸਪੈਕਟਰ ਕੱਲ ਨੂੰ ਮੋਹਾਲੀ ਵਿਖੇ ਡਾਇਰੈਕਟਰ ਪਸ਼ੂ ਪਾਲਣ ਦੇ ਦਫਤਰ ਅੱਗੇ ਰੋਸ ਮੁਜ਼ਾਹਰਾ ਕਰਨਗੇ। ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਦੀਪ ਬਾਸੀ ਅਤੇ ਜਨਰਲ ਸਕੱਤਰ ਵਿਪਨ ਕੁਮਾਰ ਗੋਇਲ ਨੇ ਦੱਸਿਆ ਕਿ ਜਲੰਧਰ



ਜ਼ਿਮਨੀ ਚੋਣ ਦੌਰਾਨ ਪਸ਼ੂ ਪਾਲਣ ਵਿਭਾਗ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਅਧੀਨ ਹੋਈ ਵਿਭਾਗੀ ਮੀਟਿੰਗ ਵਿਚ ਅਫਸਰਸ਼ਾਹੀ ਨੂੰ ਵੈਟਰਨਰੀ ਇੰਸਪੈਕਟਰਾਂ ਦੀਆਂ ਮੰਗਾਂ-ਮਸਲਿਆਂ ਦੇ ਨਿਪਟਾਰੇ ਦੇ ਆਦੇਸ਼ ਦਿੱਤੇ ਗਏ ਸਨ

## ਪੰਜਾਬ ਦੇ ਬਿਜਲੀ ਮੁਲਾਜ਼ਮਾਂ ਨੇ ਸਰਕਾਰ ਖ਼ਿਲਾਫ਼ ਕੀਤਾ ਪ੍ਰਦਰਸ਼ਨ


**ਚੰਡੀਗੜ੍ਹ, ਵਿਨੋਦ ਸ਼ਰਮਾ** --ਪੰਜਾਬ ਭਰ ਵਿੱਚ ਬਿਜਲੀ ਮੁਲਾਜ਼ਮਾਂ ਨੇ ਕੀਤਾ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਯੂਨੀਅਨ ਇੰਜੀਨੀਅਰ ਵਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਉਪ ਮੰਡਲ ਲਾਧੂਕਾ ਵਿਖੇ ਰੋਸ ਰੈਲੀ ਕੀਤੀ ਗਈ, ਜਿਸ ਵਿਚ ਚੱਲ ਰਹੇ ਸੰਘਰਸ਼ ਦੌਰਾਨ ਜੋ ਸਮੂਹਿਕ ਛੁੱਟੀ ਦੇ ਸਮੇਂ ਵਿਚ ਵਾਧਾ ਕੀਤਾ ਹੈ। ਸਮੂਹਿਕ ਛੁੱਟੀ ਮਿਤੀ13-09-2024 ਤੋਂ 17-09-2024 ਤੱਕ ਪੰਜ ਦਿਨਾਂ ਲਈ ਅੱਗੇ ਹੋਰ ਵਧਾ ਕੇ ਬਿਜਲੀ ਬੋਰਡ ਦੀ



ਮੈਨੇਜਮੈਂਟ ਅਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ, ਜਿਸ ਵਿਚ ਮੁੱਖ ਮੰਗਾਂ ਜਿਨ੍ਹਾਂ ਉਤੇ ਮਿਤੀ 31-07-2024 ਨੂੰ ਸਹਿਮਤੀ ਬਣੀ ਸੀ ਪਰ ਅਜੇ ਤੱਕ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ,

## ਬਲਾਸਟ ਮਾਮਲੇ ਵਿੱਚ ਸ਼ੱਕੀਆਂ ਦੀ ਸੂਚਨਾ ਦੇਣ 'ਤੇ 2 ਲੱਖ ਰੁਪਏ ਦਾ ਇਨਾਮ

**ਚੰਡੀਗੜ੍ਹ , ਲੋਕ ਬਾਣੀ**- ਚੰਡੀਗੜ੍ਹ ਪੁਲੀਸ ਨੇ ਬੰਬ ਧਮਾਕੇ ਦੇ ਮਾਮਲੇ ਵਿਚ ਸ਼ਾਮਲ ਹੋਰ ਦੋ ਸ਼ੱਕੀਆਂ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ 2 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਚੰਡੀਗੜ੍ਹ ਦੇ ਸੈਕਟਰ 10 ਖੇਤਰ ਦੇ ਇੱਕ ਘਰ ਵਿੱਚ ਬੁੱਧਵਾਰ ਸ਼ਾਮ ਨੂੰ ਇੱਕ ਧਮਾਕਾ ਹੋਇਆ, ਜਿਸ ਨਾਲ ਰਿਹਾਇਸ਼ੀ ਖੇਤਰ ਦੀਆਂ ਖਿੜਕੀਆਂ ਅਤੇ ਫੁੱਲਾਂ ਦੇ ਗਮਲਿਆਂ ਨੂੰ ਨੁਕਸਾਨ ਪਹੁੰਚਿਆ।



ਇਸ ਧਮਾਕੇ ਵਿਚ ਸ਼ਾਮਲ ਦੋ ਸ਼ੱਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਕੋਈ ਵੀ ਸੂਚਨਾ ਦੇਣ ਲਈ 2 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਜਿਸ ਦੀ ਸੂਚਨਾ ਦੇਣ ਲਈ ਕੰਟਰੋਲ ਰੂਮ ਨੰਬਰ 0172-2749194 ਜਾਂ 112 ਅਤੇ ਵਟਸਐਪ ਨੰਬਰ 9465121000 'ਤੇ ਦਿੱਤੀ ਜਾ ਸਕਦੀ ਹੈ।

## ਪੰਜਾਬ ਵਿੱਚ ਰੋਜ਼ਾਨਾ ਦੀ ਤਰ੍ਹਾਂ ਫੇਰ ਚੱਲੀਂ ਗੋਲੀ

**ਅੰਮ੍ਰਿਤਸਰ, ਲੋਕ ਬਾਣੀ**--ਜੰਡਿਆਲਾ ਗੁਰੂ ਸ਼ਹਿਰ ਅਤੇ ਇਲਾਕੇ ਵਿਚ ਗੋਲੀ ਚੱਲਣ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਅਤੇ ਅੱਜ ਫਿਰ ਸ਼ਾਮ ਸਮੇਂ ਇਲਾਕੇ ਤੋਂ ਬਾਹਰੋਂ ਆਏ ਕੁਝ ਵਿਅਕਤੀਆਂ ਨੇ ਪਿੰਡ ਧਾਰੜ ਵਿਖੇ ਪੈਸਿਆਂ ਦੇ ਲੈਣ-ਦੇਣ ਤੋਂ ਹੋਏ ਤਕਰਾਰ ਕਾਰਨ ਲਵਪ੍ਰੀਤ ਸਿੰਘ ਉਰਫ ਛੰਨੂੰ ਨਾਂ ਦੇ ਵਿਅਕਤੀ ਨੂੰ ਗੋਲੀ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਫੱਟੜ ਹੋ ਗਿਆ ਅਤੇ ਉਸ ਨੂੰ ਹਸਪਤਾਲ ਵਿਚ ਦਾਖਲ



ਕਰਵਾਇਆ ਗਿਆ। ਇਸ ਦੀ ਪੁਸ਼ਟੀ ਪੁਲਿਸ ਚੌਕੀ ਜੰਡਿਆਲਾ ਗੁਰੂ ਦੇ ਇੰਚਾਰਜ ਬਲਵਿੰਦਰ ਸਿੰਘ ਬਾਜਵਾ ਨੇ ਕੀਤੀ।


ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਜਲੰਧਰ ਚ ਲੜਕੀ ਨਾਲ ਜਬਰ ਜਨਾਹ ਦੀ ਘਟਨਾ ਤੇ ਲਿਆ ਸਖ਼ਤ ਨੋਟਿਸ, ਦੋਸ਼ੀ ਗ੍ਰਿਫ਼ਤਾਰ

ਚੰਡੀਗੜ੍ਹ, (ਲੋਕ ਬਾਣੀ )- ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਮੀਡੀਆ ਵਿੱਚ ਪ੍ਰਕਾਸ਼ਿਤ ਹੋ ਰਹੀਆਂ ਖਬਰਾਂ ਜਿਸ ਵਿੱਚ ਡਾਕ ਵਿਭਾਗ ਵਿੱਚ ਕੰਮ ਕਰਦੀ 20 ਸਾਲਾ ਲੜਕੀ ਜਦੋਂ ਰੋਜ਼ਾਨਾ ਦੀ ਤਰ੍ਹਾਂ ਆਪਣੇ ਘਰ ਨਹੀਂ ਆਈ ਤਾਂ ਉਸਦੇ ਪਰਿਵਾਰ ਵੱਲੋਂ ਕਾਫੀ ਲੱਭਣ ਤੇ ਉਸਦਾ ਕੁਝ ਪਤਾ ਨਾ ਲੱਗਾ। ਅਗਲੇ ਦਿਨ ਇਹ ਲੜਕੀ ਦਿੱਲੀ ਦੇ ਨੇੜਲੇ ਇਲਾਕੇ ਵਿੱਚ ਪੁਲਿਸ ਨੂੰ ਬੇਸੁੱਧ ਹਾਲਤ ਵਿੱਚ ਮਿਲੀ। ਇਸ ਲੜਕੀ ਨੂੰ ਬਾਅਦ ਵਿੱਚ ਉਸ ਦੇ ਪਰਿਵਾਰ ਨੇ ਪੁਲਿਸ ਦੀ ਸਹਾਇਤਾ ਨਾਲ ਜਲੰਧਰ ਵਿੱਚ ਆਪਣੇ ਘਰ ਲਿਆਉਂਦਾ। ਇਸ ਘਟਨਾ ਦੌਰਾਨ ਇਸ ਲੜਕੀ ਕੁਕਰਮ ਹੋਇਆ।



ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਗਿੱਲ ਵੱਲੋਂ ਮੀਡੀਆ ਵਿੱਚ ਪ੍ਰਕਾਸ਼ਿਤ ਹੋਈ ਇਸ ਖਬਰ ਦਾ ਗੰਭੀਰ ਨੋਟਿਸ ਲਿਆ ਅਤੇ ਪੁਲਿਸ ਨੂੰ ਇਸ ਮਾਮਲੇ ਤੇ ਸਖਤ ਕਾਰਵਾਈ ਕਰਨ ਸਬੰਧੀ ਨੋਟਿਸ ਜਾਰੀ ਕੀਤਾ। ਚੇਅਰਪਰਸਨ ਰਾਜ ਲਾਲੀ ਗਿੱਲ ਨੇ ਪੀੜਿਤ ਲੜਕੀ ਦੇ ਪਰਿਵਾਰ ਨਾਲ ਗੱਲ ਵੀ ਕੀਤੀ ਅਤੇ ਉਹਨਾਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਨੋਟਿਸ ਜਾਰੀ ਕਰਨ ਉਪਰੰਤ ਜਲੰਧਰ ਦੀ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕੀਤੀ ਗਈ ਅਤੇ ਇਸ ਸਬੰਧੀ ਦੋਸ਼ੀ ਬਲਵਿੰਦਰ ਸਿੰਘ ਨੂੰ ਗਿਰਫ਼ਤਾਰ ਕਰ ਲਿਆ ਗਿਆ ਹੈ।

ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਕਿਸੇ ਵੀ ਮਹਿਲਾ ਵਿਰੁੱਧ ਜੁਰਮ ਬਰਦਾਸ਼ਤ ਨਹੀਂ ਕਰੇਗੀ। ਉਹਨਾਂ ਕਿਹਾ ਕਿ ਮਾਨ ਸਰਕਾਰ ਹਰ ਮਹਿਲਾ ਨੂੰ ਬਣਦਾ ਸਨਮਾਨ ਦੇਣ ਲਈ ਬਹੁਤ ਵਚਨਬੱਧ ਹੈ।

# IELTS ਸੈਂਟਰਾਂ ਤੇ ਪੰਜਾਬ ਸਰਕਾਰ ਦੀ ਵੱਡੀ ਕਾਰਵਾਈ.

ਬਠਿੰਡਾ (ਲੋਕ ਬਾਣੀ ): ਪੰਜਾਬ ਸਰਕਾਰ ਨੇ ਸੂਬੇ ਚ ਚੱਲ ਰਹੇ ਆਈਲੈਟਸ ਸੈਂਟਰਾਂ ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਹਦਾਇਤਾਂ ਜਾਰੀ ਕਰਦਿਆਂ 3 ਆਈਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਮੈਸਰਜ਼ ਲਾਰੈਂਸ ਇੰਗਲਿਸ਼ ਅਕੈਡਮੀ, ਐਮਸੀ ਨੰਬਰ 19889 ਨੇੜੇ ਡਾ. ਮਹੇਸ਼ਵਰੀ, 100 ਫੁੱਟ ਰੋਡ, ਬਠਿੰਡਾ, ਜੋ ਕਿ ਰਜਨੀ ਲਾਰੈਂਸ ਪਤਨੀ ਅਨਲ ਲਾਰੈਂਸ ਵਾਸੀ ਮਕਾਨ 100 ਫੁੱਟ ਰੋਡ, ਬਠਿੰਡਾ ਦੇ ਨਾਮ ਤੇ ਰਜਿਸਟਰਡ ਹੈ।




ਉਕਤ ਫਰਮ ਦੇ ਲਾਇਸੈਂਸ ਦੀ ਮਿਆਦ ਪੁੱਗਣ ਤੇ ਮਿਆਦ ਪੁੱਗਣ ਦੀ ਮਿਤੀ ਤੋਂ ਦੋ ਮਹੀਨੇ ਪਹਿਲਾਂ ਫਾਰਮ ਨੰਬਰ 3 ਭਰ ਕੇ ਇਸ ਨੂੰ ਰੀਨਿਊ ਕਰਨਾ ਜ਼ਰੂਰੀ ਸੀ। ਇਸ ਸਬੰਧੀ ਉਕਤ ਫਰਮ ਨੂੰ 25 ਅਗਸਤ 2023 ਅਤੇ 10 ਜੁਲਾਈ 2024 ਨੂੰ ਨੋਟਿਸ ਜਾਰੀ ਕਰਕੇ ਲਾਈਸੈਂਸ ਰੀਨਿਊ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਪਰ ਉਕਤ ਫਰਮ ਨੇ ਲਾਇਸੈਂਸ ਰੀਨਿਊ ਨਹੀਂ ਕੀਤਾ, ਜਿਸ ਕਾਰਨ ਲਾਈਸੈਂਸ ਦੀ ਧਾਰਾ ਤਹਿਤ ਤੁਰੰਤ ਪ੍ਰਭਾਵ ਨਾਲ ਲਾਈਸੈਂਸ ਰੱਦ ਕਰ ਦਿੱਤਾ ਗਿਆ। ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਕੀਤਾ ਗਿਆ ਹੈ।

ਇਸੇ ਤਰ੍ਹਾਂ ਮੈਸਰਜ਼ ਹਾਲਜ਼ ਆਫ ਆਈਲੈਟਸ, ਅਜੀਤ ਰੋਡ ਬਠਿੰਡਾ, ਜੋ ਕਿ ਭਗਤਾ ਭਾਈਕਾ ਵਾਸੀ ਸੰਦੀਪ ਪੁਰੀ ਪੁੱਤਰ ਦਵਿੰਦਰ ਪੁਰੀ ਦੇ ਨਾਂ ਤੇ ਰਜਿਸਟਰਡ ਸੀ, ਦਾ ਵੀ ਲਾਇਸੈਂਸ ਰੀਨਿਊ ਨਾ ਕਰਵਾਉਣ ਕਾਰਨ ਰੱਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਐਮ.ਐਸ. ਗਲੋਬ ਟ੍ਰੋਟਿੰਗ ਇਮੀਗ੍ਰੇਸ਼ਨ ਐਂਡ ਆਈਲਜ਼ ਇੰਸਟੀਚਿਊਟ 100 ਫੀਟ ਰੋਡ ਬਠਿੰਡਾ ਦਾ ਲਾਇਸੰਸ ਜੋ ਕਿ ਹਰਜਿੰਦਰ ਸਿੰਘ ਸਿੱਧੂ ਪੁੱਤਰ ਲਾਲ ਸਿੰਘ ਵਾਸੀ ਗਲੀ ਨੰਬਰ 4/2 ਬਾਬਾ ਫਰੀਦ ਨਗਰ ਹੈ, ਨੂੰ ਨਵੀਨੀਕਰਨ ਨਾ ਹੋਣ ਕਾਰਨ ਰੱਦ ਕਰ ਦਿੱਤਾ ਗਿਆ ਹੈ।

# ਭਾਜਪਾ ਦੇਸ਼ ਦੇ ਲੋਕਾਂ ਨੂੰ ਤੋੜਨ ਲਈ ਵੰਡਣ ਵਾਲੀ ਰਾਜਨੀਤੀ ਦੀ ਵਰਤੋਂ ਕਰ ਰਹੀ ਹੈ: ਰਾਜਾ ਵੜਿੰਗ

ਚੰਡੀਗੜ੍ਹ, (ਲੋਕ ਬਾਣੀ ) ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਇੱਕ ਬਿਆਨ ਜਾਰੀ ਕਰਦਿਆਂ ਰਾਹੁਲ ਗਾਂਧੀ ਜੀ ਦੀ ਅਮਰੀਕਾ ਫੇਰੀ ਦੌਰਾਨ ਕੀਤੀ ਗਈ ਟਿੱਪਣੀ ਦੀ ਹਾਲ ਹੀ ਵਿੱਚ ਕੀਤੀ ਗਈ ਗਲਤ ਵਿਆਖਿਆ ਬਾਰੇ ਸੰਬੋਧਨ ਕੀਤਾ।

ਬਿਆਨ ਨੂੰ ਸਪੱਸ਼ਟ ਕਰਦੇ ਹੋਏ, ਵੜਿੰਗ ਨੇ ਦੱਸਿਆ ਕਿ ਰਾਹੁਲ ਗਾਂਧੀ ਜੀ ਨੇ ਅਮਰੀਕਾ ਵਿੱਚ ਇੱਕ ਸਿੱਖ ਵਿਅਕਤੀ ਨਾਲ ਗੱਲਬਾਤ ਕੀਤੀ ਸੀ, ਰਾਹੁਲ ਗਾਂਧੀ ਜੀ ਨੇ ਇਸ ਮੰਦਭਾਗੀ ਹਕੀਕਤ ਤੇ ਟਿੱਪਣੀ ਕੀਤੀ ਕਿ, ਭਾਰਤ ਦੇ ਮੌਜੂਦਾ ਰਾਜਨੀਤਿਕ ਮਾਹੌਲ ਕਾਰਨ, ਸਿੱਖ ਅਤੇ ਸਰਦਾਰਾਂ ਨੂੰ ਪੱਗ ਬੰਨ੍ਹ ਕੇ ਜਾਂ ਕੜਾ ਪਾ ਕੇ ਆਪਣੇ ਧਰਮ ਦੀ ਖੁੱਲ ਕੇ ਨੁਮਾਇੰਦਗੀ ਕਰਨ ਤੋਂ ਪਹਿਲਾਂ ਇਜਾਜ਼ਤ ਲੈਣ ਦੀ ਜ਼ਰੂਰਤ ਮਹਿਸੂਸ ਹੋ ਸਕਦੀ ਹੈ।

ਵੜਿੰਗ ਨੇ ਕਿਹਾ, ਰਾਹੁਲ ਗਾਂਧੀ ਜੀ ਭਾਜਪਾ ਦੁਆਰਾ ਚਲਾਈ ਗਈ ਵੰਡਵਾਦੀ ਰਾਜਨੀਤੀ ਕਾਰਨ ਵੱਖ-ਵੱਖ ਧਰਮਾਂ ਵਿੱਚ ਪੈਦਾ ਹੋਏ ਅੰਤਰੀਵ ਡਰ ਨੂੰ ਉਜਾਗਰ ਕਰ ਰਹੇ ਸਨ। ਪਿਛਲੇ ਦਸ ਸਾਲਾਂ ਤੋਂ, ਭਾਜਪਾ ਦੁਆਰਾ ਦੇਸ਼ ਨੂੰ ਯੋਜਨਾਬੱਧ ਢੰਗ ਨਾਲ ਧਾਰਮਿਕ ਲੀਹਾਂ ਤੇ ਵੰਡਿਆ ਗਿਆ ਹੈ, ਅਤੇ ਇਹ ਅਸਲੀਅਤ ਰਾਹੁਲ ਗਾਂਧੀ ਜੀ ਦੀ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਵਿਅਕਤੀ ਨਾਲ ਗੱਲਬਾਤ ਦੌਰਾਨ ਸਾਹਮਣੇ ਆਈ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਰਾਹੁਲ ਗਾਂਧੀ ਜੀ ਦੇ ਸਿੱਖ ਧਰਮ ਲਈ ਡੂੰਘੇ ਸਤਿਕਾਰ ਅਤੇ ਪਿਆਰ ਨੂੰ ਰੇਖਾਂਕਿਤ ਕਰਨ ਲਈ ਅੱਗੇ ਕਿਹਾ ਕਿ ਕਿਵੇਂ ਇਹ ਉਨ੍ਹਾਂ ਦੀ ਹਰਿਮੰਦਰ ਸਾਹਿਬ ਦੀ ਫੇਰੀ ਦੌਰਾਨ ਸਪੱਸ਼ਟ ਹੋਇਆ, ਜਿੱਥੇ ਉਨ੍ਹਾਂ ਨੇ ਸੇਵਾ ਕੀਤੀ ਅਤੇ ਆਪਣੇ ਆਪ ਨੂੰ ਧਰਮ ਦੀਆਂ ਸਿੱਖਿਆਵਾਂ ਵਿੱਚ ਲੀਨ ਕੀਤਾ। ਵੜਿੰਗ ਨੇ ਕਿਹਾ, ਰਾਹੁਲ ਗਾਂਧੀ ਜੀ ਹਮੇਸ਼ਾ ਪੰਜਾਬ ਅਤੇ ਸਿੱਖ ਕੌਮ ਦੇ ਨਾਲ ਖੜੇ ਰਹੇ ਹਨ, ਜਿਵੇਂ ਕਿ ਉਹਨਾਂ ਦੀ ਭਾਰਤ ਜੋੜੋ ਯਾਤਰਾ ਦੌਰਾਨ ਸਪੱਸ਼ਟ ਤੌਰ ਤੇ ਦੇਖਿਆ ਗਿਆ ਸੀ, ਜਿੱਥੇ ਉਹ ਪੰਜਾਬ ਵਿੱਚ ਘੁੰਮਦੇ ਸਨ ਅਤੇ ਲੋਕਾਂ ਨਾਲ ਸਿੱਧੇ ਤੌਰ ਤੇ ਜੁੜੇ ਸਨ, ਉਹਨਾਂ ਦੀਆਂ ਚਿੰਤਾਵਾਂ ਨੂੰ ਸਮਝਦੇ ਸਨ ਅਤੇ ਸਿੱਖ ਧਰਮ ਨੂੰ ਡੂੰਘਾਈ ਨਾਲ ਸਮਝਦੇ ਸਨ।

ਭਾਜਪਾ ਦੇ ਦਾਅਵਿਆਂ ਦਾ ਖੰਡਨ ਕਰਦੇ ਹੋਏ ਵੜਿੰਗ ਨੇ ਸਵਾਲ ਕੀਤਾ ਕਿ ਕੋਈ ਵੀ ਰਾਹੁਲ ਗਾਂਧੀ ਜੀ ਤੇ ਸਿੱਖ ਧਰਮ ਦੇ ਵਿਰੁੱਧ ਹੋਣ ਦਾ ਦੋਸ਼ ਕਿਵੇਂ ਲਗਾ ਸਕਦਾ ਹੈ ਜਦੋਂ ਉਨ੍ਹਾਂ ਨੇ ਸੰਸਦ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੱਤਾ ਸੀ।



ਭਾਜਪਾ ਅਤੇ ਇਸ ਦੇ ਆਗੂ, ਜੋ ਕਦੇ ਕਾਂਗਰਸ ਦਾ ਹਿੱਸਾ ਹੁੰਦੇ ਹੋਏ ਰਾਹੁਲ ਗਾਂਧੀ ਜੀ ਦੀ ਤਾਰੀਫ਼ ਕਰਦੇ ਸਨ, ਹੁਣ ਪੀਐਮ ਮੋਦੀ ਅੱਗੇ ਝੁਕਦੇ ਹਨ ਅਤੇ ਬੇਸ਼ਰਮੀ ਨਾਲ ਰਾਹੁਲ ਗਾਂਧੀ ਜੀ ਬਾਰੇ ਬੁਰਾ-ਭਲਾ ਬੋਲਦੇ ਹਨ।

ਰਾਜਾ ਵੜਿੰਗ ਨੇ ਪੰਜਾਬ ਦੇ ਲੋਕਾਂ ਨੂੰ ਸਿੱਧੇ ਤੌਰ ਤੇ ਸੰਬੋਧਿਤ ਕਰਦੇ ਹੋਏ ਆਪਣੇ ਨਿੱਜੀ ਵਿਚਾਰ ਪ੍ਰਗਟ ਕੀਤੇ:

ਇੱਕ ਪੰਜਾਬੀ ਹੋਣ ਦੇ ਨਾਤੇ, ਰਾਹੁਲ ਗਾਂਧੀ ਜੀ ਨੇ ਜੋ ਕਿਹਾ, ਉਸ ਵਿੱਚ ਮੈਨੂੰ ਕੁਝ ਵੀ ਗਲਤ ਨਹੀਂ ਲੱਗਿਆ। ਭਾਜਪਾ ਸਿਰਫ਼ ਇਸ ਲਈ ਗੁੱਸੇ ਵਿੱਚ ਹੈ ਕਿਉਂਕਿ ਰਾਹੁਲ ਗਾਂਧੀ ਜੀ ਨੇ ਉਨ੍ਹਾਂ ਦੇ ਅਸਲ ਸੁਭਾਅ ਨੂੰ ਦੁਨੀਆ ਦੇ ਸਾਹਮਣੇ ਉਜਾਗਰ ਕੀਤਾ ਹੈ। ਰਾਹੁਲ ਗਾਂਧੀ ਜੀ ਕਿਸੇ ਵੀ ਧਰਮ ਬਾਰੇ ਬੋਲਦੇ ਹਨ, ਭਾਜਪਾ ਅਤੇ ਇਸ ਦੇ ਆਗੂ ਜਾਣਬੁੱਝ ਕੇ ਉਨ੍ਹਾਂ ਦੇ ਸ਼ਬਦਾਂ ਨੂੰ ਤੋੜ-ਮਰੋੜ ਕੇ ਬੇਲੋੜਾ ਵਿਵਾਦ ਪੈਦਾ ਕਰਦੇ ਹਨ ਅਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਂਦੇ ਹਨ।

ਵੜਿੰਗ ਨੇ ਕਾਂਗਰਸ ਪਾਰਟੀ ਦੀ ਸ਼ਮੂਲੀਅਤ ਅਤੇ ਏਕਤਾ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਕਿਹਾ, ਕਾਂਗਰਸ ਅਤੇ ਰਾਹੁਲ ਗਾਂਧੀ ਜੀ ਹਮੇਸ਼ਾ ਹੀ ਸ਼ਮੂਲੀਅਤ ਵਾਲੇ ਰਹੇ ਹਨ ਅਤੇ ਕਦੇ ਵੀ ਕਿਸੇ ਧਰਮ ਦੇ ਵਿਰੁੱਧ ਨਹੀਂ ਬੋਲਣਗੇ। ਅਸੀਂ ਭਾਜਪਾ ਦੁਆਰਾ ਪੈਦਾ ਕੀਤੇ ਨਫ਼ਰਤ ਦੇ ਇਸ ਸਾਗਰ ਵਿੱਚ ਮੁਹੱਬਤ ਦੀ ਦੁਕਾਨ ਖੋਲ੍ਹਣ ਲਈ ਇੱਥੇ ਹਾਂ। ਅਸੀਂ ਕਦੇ ਵੀ ਸੱਚ ਬੋਲਣ ਤੋਂ ਡਰੇ ਨਹੀਂ ਅਤੇ ਕਦੇ ਵੀ ਨਹੀਂ ਡਰਾਂਗੇ।

ਆਪਣੇ ਬਿਆਨ ਦੀ ਸਮਾਪਤੀ ਕਰਦਿਆਂ ਵੜਿੰਗ ਨੇ ਭਾਜਪਾ ਨੂੰ ਅਪੀਲ ਕੀਤੀ ਕਿ ਉਹ ਨਫ਼ਰਤ ਫੈਲਾਉਣਾ ਬੰਦ ਕਰੇ ਅਤੇ ਲੋਕਾਂ ਵਿੱਚ ਫੁੱਟ ਪਾਉਣ ਦੀਆਂ ਚਾਲਾਂ ਚੱਲਣਾ ਬੰਦ ਕਰੇ। ਭਾਰਤ ਦੇ ਲੋਕ ਹੁਣ ਸੱਚਾਈ ਤੋਂ ਜਾਣੂ ਹੋ ਗਏ ਹਨ ਅਤੇ ਹੁਣ ਅਜਿਹੀਆਂ ਹੇਰਾਫੇਰੀਆਂ ਵਿਚ ਨਹੀਂ ਫਸਣਗੇ। ਰਾਹੁਲ ਗਾਂਧੀ ਜੀ ਦੀ ਆਲੋਚਨਾ ਕਰਨ ਵਾਲੇ ਨੇਤਾਵਾਂ ਨੂੰ, ਮੈਂ ਤੁਹਾਨੂੰ ਚੁਣੌਤੀ ਦਿੰਦਾ ਹਾਂ ਕਿ ਤੁਸੀਂ ਉਨ੍ਹਾਂ ਨਾਲ ਬੈਠ ਕੇ ਸਿੱਖ ਇਤਿਹਾਸ ਤੇ ਚਰਚਾ ਕਰੋ, ਤੁਸੀਂ ਦੇਖੋਗੇ ਕਿ ਉਹ ਇਸ ਤੋਂ ਵੱਧ ਜਾਣਦੇ ਹਨ।

ਉਨ੍ਹਾਂ ਨੇ ਪੰਜਾਬੀ ਲੋਕਾਂ ਦੀ ਸਿਆਣਪ ਤੇ ਭਰੋਸਾ ਦੁਹਰਾਉਂਦੇ ਹੋਏ ਸਮਾਪਤੀ ਕੀਤੀ: ਪੰਜਾਬ ਹਮੇਸ਼ਾ ਹੀ ਫੁੱਟ ਪਾਊ ਤਾਕਤਾਂ ਦੇ ਖਿਲਾਫ਼ ਡੱਟ ਕੇ ਖੜ੍ਹਾ ਰਿਹਾ। ਸਾਡੇ ਲੋਕ ਸੂਝਵਾਨ ਹਨ ਅਤੇ ਸਾਨੂੰ ਵੰਡਣ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਨੂੰ ਦੇਖ ਲੈਣਗੇ।

# ਪੰਜਾਬ: ਨਮਸਤੇ ਦਾ ਰੁਝਾਨ ਫਿਰ ਵਧੇਗਾ, ਐਡਵਾਈਜ਼ਰੀ ਜਾਰੀ, ਸਾਵਧਾਨ !



Manoej Paateel/Shutterstock.com

ਲੁਧਿਆਣਾ: (ਲੋਕ ਬਾਣੀ ) ਡਿਪਟੀ ਕਮਿਸ਼ਨਰ ਲੁਧਿਆਣਾ ਸਾਕਸ਼ੀ ਸਾਹਨੀ ਨੇ ਸੰਭਾਵਿਤ ਸਵਾਈਨ ਫਲੂ ਦੀ ਰੋਕਥਾਮ ਅਤੇ ਕੰਟਰੋਲ ਸਬੰਧੀ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕੀਤੀ। ਵੀਡੀਓ ਕਾਨਫਰੰਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ, ਸਿਵਲ ਸਰਜਨ ਡਾ. ਪ੍ਰਦੀਪ ਮਹਿੰਦਰਾ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸਾਰੇ ਹਸਪਤਾਲਾਂ ਵਿੱਚ ਫਲੂ ਕਾਰਨਰ ਅਤੇ ਵਿਸ਼ੇਸ਼ ਵਾਰਡ ਸਥਾਪਤ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਸਵਾਈਨ ਫਲੂ ਤੋਂ ਪ੍ਰਭਾਵਿਤ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਹ ਤੁਰੰਤ ਸਿਹਤ ਸਹੂਲਤਾਂ ਦਾ ਲਾਭ ਲੈ ਸਕਣ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਸ਼ਾ ਵਰਕਰਾਂ ਰਾਹੀਂ ਘਰ-ਘਰ ਜਾ ਕੇ ਲੋਕਾਂ ਨੂੰ ਸਵਾਈਨ ਫਲੂ ਤੋਂ ਬਚਾਅ ਸਬੰਧੀ ਜਾਗਰੂਕ ਕਰਨ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕ, ਵੱਖ-ਵੱਖ ਪਿੰਡਾਂ ਵਿੱਚ ਸਥਾਪਿਤ ਡਿਸਪੈਂਸਰੀਆਂ ਅਤੇ ਹੋਰ ਸਿਹਤ ਸੰਸਥਾਵਾਂ ਵਿੱਚ ਵੀ ਜਾਗਰੂਕਤਾ ਮੁਹਿੰਮ ਚਲਾਈ ਗਈ। ਸਵਾਈਨ ਫਲੂ ਸਬੰਧੀ ਐਡਵਾਈਜ਼ਰੀ ਜਾਰੀ ਕਰਦਿਆਂ ਸਿਵਲ ਸਰਜਨ ਲੁਧਿਆਣਾ ਡਾ: ਪ੍ਰਦੀਪ ਕੁਮਾਰ ਨੇ ਦੱਸਿਆ ਕਿ ਸਵਾਈਨ ਫਲੂ ਐਚ1ਐਨ1 ਇਕ ਵਾਇਰਲ ਬਿਮਾਰੀ ਹੈ, ਜਿਸ ਵਿਚ ਮੁੱਖ ਤੌਰ ਤੇ ਜ਼ੁਕਾਮ ਵਰਗੇ ਲੱਛਣ ਹੁੰਦੇ ਹਨ ਜਿਵੇਂ ਬੁਖਾਰ, ਠੰਢ, ਖੰਘ, ਗਲੇ ਵਿਚ ਦਰਦ, ਸਰੀਰ ਵਿਚ ਦਰਦ ਅਤੇ ਕਈ ਵਾਰ ਤਕਲੀਫ਼। ਸਾਹ ਵਿੱਚ. ਇਸ ਦੇ ਫੈਲਣ ਨੂੰ ਰੋਕਣ ਲਈ ਹੇਠ ਲਿਖੀਆਂ ਸਾਵਧਾਨੀਆਂ ਜ਼ਰੂਰੀ ਹਨ।

# ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਬਣੇ ਯੂ.ਕੇ. ਸੰਸਦੀ ਰੱਖਿਆ ਕਮੇਟੀ ਦੇ ਚੇਅਰਮੈਨ

ਚੰਡੀਗੜ੍ਹ,(ਲੋਕ ਬਾਣੀ )- ਬਰਤਾਨਵੀ ਸੰਸਦ ਦੀ ਰੱਖਿਆ ਚੋਣ ਕਮੇਟੀ ਦੇ ਚੇਅਰਮੈਨ ਦੀ ਬੀਤੇ ਦਿਨ 11 ਸਤੰਬਰ ਨੂੰ ਹੋਈ ਚੋਣ ਵਿੱਚ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਰੱਖਿਆ ਸਿਲੈਕਟ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ ਹੈ।



ਦੱਸਣਯੋਗ ਹੈ ਕਿ ਇਹ ਕਮੇਟੀ ਵਿਸ਼ੇਸ਼ ਤੌਰ 'ਤੇ ਰੱਖਿਆ ਸਬੰਧੀ ਬਰਤਾਨਵੀ ਸਰਕਾਰ ਦੀਆਂ ਨੀਤੀਆਂ ਦੀ ਘੋਖ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ ਅਤੇ ਯੂ.ਕੇ. ਦੇ ਹਾਊਸ ਆਫ਼ ਕਾਮਨਜ਼ ਦੇ 650 ਸੰਸਦ ਮੈਂਬਰ ਹੀ ਇਸ ਸਿਲੈਕਟ ਕਮੇਟੀ ਦੀ ਚੋਣ ਲਈ ਵੋਟਾਂ ਪਾ ਸਕਦੇ ਹਨ।

ਇਸ ਚੋਣ ਵਿੱਚ ਮਹੱਤਵਪੂਰਨ ਗੱਲ ਇਹ ਵੀ ਹੈ ਕਿਉਂਕਿ ਤਨਮਨਜੀਤ ਸਿੰਘ ਢੇਸੀ ਇਸ ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਚੁਣੇ ਜਾਣ ਵਾਲੇ ਬਲੈਕ, ਏਸ਼ੀਆਈ ਪਿਛੋਕੜ ਜਾਂ ਘੱਟ ਗਿਣਤੀ ਵਰਗ ਨਾਲ ਸਬੰਧਿਤ ਪਹਿਲੇ ਸੰਸਦ ਮੈਂਬਰ ਹਨ। ਇਸ ਤੋਂ ਇਲਾਵਾ 2020 ਵਿੱਚ ਵੀ ਜਦੋਂ ਉਨ੍ਹਾਂ ਨੇ ਕਮੇਟੀ ਵਿੱਚ ਬਤੌਰ ਮੈਂਬਰ ਸੇਵਾ ਨਿਭਾਈ ਸੀ ਤਾਂ ਉਸ ਵੇਲੇ ਵੀ ਉਹ ਬਲੈਕ, ਏਸ਼ੀਆਈ ਪਿਛੋਕੜ ਜਾਂ ਘੱਟ ਗਿਣਤੀ ਵਰਗ ਨਾਲ ਸਬੰਧਤ ਇਕਲੌਤੇ ਦੂਜੇ ਸੰਸਦ ਮੈਂਬਰ ਸਨ। ਇਹ ਇੱਕ ਇਤਿਹਾਸਕ ਪਲ ਇਸ ਕਰਕੇ ਵੀ ਹੈ ਕਿਉਂਕਿ ਤਨਮਨਜੀਤ ਸਿੰਘ ਢੇਸੀ ਯੂ.ਕੇ. ਸੰਸਦ ਦੀ ਇਸ ਚੋਣ ਕਮੇਟੀ ਦੇ ਚੇਅਰਮੈਨ ਵਜੋਂ ਚੁਣੇ ਜਾਣ ਵਾਲੇ ਪਹਿਲੇ ਪੰਜਾਬੀ ਅਤੇ ਪਹਿਲਾ ਸਿੱਖ ਚਿਹਰਾ ਹਨ।

ਜ਼ਿਕਰਯੋਗ ਹੈ ਕਿ ਤਨਮਨਜੀਤ ਸਿੰਘ ਢੇਸੀ ਸੰਸਦ ਮੈਂਬਰ ਵਜੋਂ ਤਕਰੀਬਨ ਪਿਛਲੇ ਸੱਤ ਸਾਲਾਂ ਤੋਂ ਵੱਧ ਸਮੇਂ ਤੋਂ ਸਲੋਹ ਸੰਸਦੀ ਹਲਕੇ ਦੀ ਸੇਵਾ ਕਰ ਰਹੇ ਹਨ ਅਤੇ ਹਾਲ ਹੀ ਵਿੱਚ 4 ਜੁਲਾਈ 2024 ਨੂੰ ਦੇਸ਼ ਵਿੱਚ ਹੋਈਆਂ ਆਮ ਚੋਣਾਂ ਵਿੱਚ ਉਹ ਤੀਜੀ ਵਾਰ ਸੰਸਦ ਮੈਂਬਰ ਚੁਣੇ ਗਏ ਸਨ। ਯੂ.ਕੇ. ਦੀ ਸੰਸਦ ਵਿੱਚ ਸਪੀਕਰ ਸਰ ਲਿੰਡਸੇ ਹੋਇਲ ਵੱਲੋਂ ਕਮੇਟੀ ਦੇ ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਰੱਖਿਆ ਚੋਣ ਕਮੇਟੀ ਦਾ ਚੇਅਰਮੈਨ ਚੁਣੇ ਜਾਣ 'ਤੇ ਮੈਂ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ। ਮੈਂ ਉਨ੍ਹਾਂ ਸਮੂਹ ਲੋਕਾਂ, ਜਿਨ੍ਹਾਂ ਨੇ ਮੈਨੂੰ ਸਮਰਥਨ ਦਿੱਤਾ ਅਤੇ ਮੇਰੇ 'ਤੇ ਭਰੋਸਾ ਜਤਾਉਣ ਵਾਲੇ ਸਮੁੱਚੇ ਹਾਊਸ ਆਫ਼ ਕਾਮਨਜ਼ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਅਤੇ ਆਲਮੀ ਸਥਿਰਤਾ ਲਈ ਖ਼ਤਰੇ ਅਤੇ ਮੁਸ਼ਕਿਲਾਂ ਦਿਨੋਂ-ਦਿਨ ਵਧ ਰਹੀਆਂ ਹਨ ਅਤੇ ਇਹ ਬੇਹੱਦ ਜ਼ਰੂਰੀ ਹੈ ਕਿ ਬਰਤਾਨੀਆ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਿਆਰ ਰਹੇ। ਉਨਾਂ ਕਿਹਾ ਕਿ ਉਹ ਬਹਾਦਰ ਸਾਬਕਾ ਸੈਨਿਕਾਂ ਅਤੇ ਸੇਵਾ ਕਰਮਚਾਰੀਆਂ ਦੀ ਆਵਾਜ਼ ਬਣ ਕੇ ਇਹ ਯਕੀਨੀ ਬਣਾਉਣਗੇ ਕਿ ਸਰਕਾਰ ਉਨ੍ਹਾਂ ਦੇ ਹਿੱਤਾਂ ਨੂੰ ਵਿਸ਼ੇਸ਼ ਤਰਜੀਹ ਦੇਵੇ, ਕਿਉਂ ਕਿ ਦੇਸ਼ ਨੂੰ ਸੁਰੱਖਿਅਤ ਰੱਖਣਾ ਸਰਕਾਰ ਦਾ ਮੁੱਢਲਾ ਫਰਜ਼ ਹੈ।

# ਮਸ਼ਹੂਰ ਮਠਿਆਈ ਵਾਲਿਆਂ ਦਾ ਕਲੇਸ਼ ਪਹੁੰਚਿਆ ਕਚਹਿਰੀ ਤੱਕ



**ਜਲੰਧਰ, ਲੋਕ ਬਾਣੀ** -ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮਠਿਆਈ ਦਾ ਕਾਰੋਬਾਰ ਸ਼ੁਰੂ ਕਰਕੇ ਉੱਤਰੀ ਭਾਰਤ ਵਿੱਚ ਮਠਿਆਈ ਤੋਂ ਬਾਅਦ ਸ਼ਰਾਬ ਦਾ ਕਾਰੋਬਾਰ ਸਥਾਪਤ ਕਰਨ ਵਾਲੇ ਅਗਰਵਾਲ ਪਰਿਵਾਰ ਵਿੱਚ ਇਨ੍ਹੀਂ ਦਿਨੀਂ ਕੁੜੱਤਣ ਵਧਦੀ ਜਾ ਰਹੀ ਹੈ। ਜਵਾਹਰ ਨਗਰ ਚ ਹੀਟ ਸੈਵਨ ਦੇ ਸਾਹਮਣੇ ਪੁਸ਼ਪਾ ਘਨਸ਼ਿਆਮ ਬਾਂਸਲ ਗਰੁੱਪ ਦੇ ਨਾਂ ਤੇ ਮਠਿਆਈ ਦੀ ਦੁਕਾਨ ਚਲਾਉਣ ਵਾਲੇ ਪਰਿਵਾਰ ਦੇ ਅਮਿਤ ਅਗਰਵਾਲ ਨੂੰ ਅਖਬਾਰਾਂ ਦੇ ਇਸ਼ਤਿਹਾਰਾਂ ਅਤੇ ਸੋਸ਼ਲ ਮੀਡੀਆ ਤੇ ਬ੍ਰਾਂਡ ਨੂੰ ਲੈ ਕੇ ਹੋਰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਤਾਜ਼ਾ ਜਾਣਕਾਰੀ ਮਿਲੀ ਹੈ ਕਿ ਪੁਸ਼ਪਾ ਘਨਸ਼ਿਆਮ ਬਾਂਸਲ ਗਰੁੱਪ ਨੇ ਮੈਸਰਜ਼ ਖਿਲਾਫ ਸਥਾਨਕ ਅਦਾਲਤ ਵਿੱਚ ਸਿਵਲ ਮੁਕੱਦਮਾ ਦਾਇਰ ਕੀਤਾ ਹੈ। ਬਾਂਸਲ ਸਵੀਟਸ ਹਾਊਸ ਵੱਲੋਂ ਕੀਤੀਆਂ ਜਾ ਰਹੀਆਂ ਤਰੱਕੀਆਂ ਰੋਕਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨਰ ਧਿਰ ਨੇ ਆਰਡਰ 39 ਦੇ ਨਿਯਮ 1 ਅਤੇ 2 ਦੇ ਨਾਲ ਪੜ੍ਹੇ ਗਏ ਸੀਪੀਸੀ 151 ਅਧੀਨ ਅਰਜ਼ੀ ਵਿੱਚ ਮੰਗ ਪੇਸ਼ ਕੀਤੀ ਹੈ ਕਿ ਮੁਦਈ ਧਿਰ ਵੱਲੋਂ ਵੱਖ-ਵੱਖ ਮਾਧਿਅਮਾਂ ਰਾਹੀਂ ਮੁਦਈ ਵਿਰੁੱਧ ਕੀਤੇ ਜਾ ਰਹੇ ਪ੍ਰਚਾਰ ਤੇ ਸਟੇਅ ਆਰਡਰ ਜਾਰੀ ਕੀਤਾ ਜਾਵੇ।

ਹਾਲਾਂਕਿ ਵਧੀਕ ਸੈਸ਼ਨ ਜੱਜ ਧਰਮਿੰਦਰ ਪਾਲ ਸਿੰਗਲਾ ਦੀ ਅਦਾਲਤ ਨੇ ਮਿਤੀ 28.08.2024 ਦੇ ਆਪਣੇ ਅੰਤ੍ਰਿਮ ਫੈਸਲੇ ਵਿੱਚ ਸਾਬਕਾ ਪਾਰਟ ਅੰਤਰਿਮ ਸਟੇਅ ਆਰਡਰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਬਚਾਅ ਪੱਖ ਨੂੰ ਸੰਮਨ ਜਾਰੀ ਕਰਕੇ 18.09.2024 ਨੂੰ ਪੇਸ਼ ਹੋ ਕੇ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਦੂਜੇ ਪਾਸੇ ਮੁਦਈ ਧਿਰ ਦੇ ਅਮਿਤ ਅਗਰਵਾਲ ਦਾ ਦਾਅਵਾ ਹੈ ਕਿ ਪਰਿਵਾਰਕ ਪੱਧਰ ਤੇ ਵੀ ਵਿਚੋਲਗੀ ਚੱਲ ਰਹੀ ਹੈ।

ਵਰਨਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਐੱਮ. ਬਾਂਸਲ ਸਵੀਟਸ ਹਾਊਸ ਦੀ ਤਰਫੋਂ ਪੁਸ਼ਪਾ ਘਨਸ਼ਿਆਮ ਨੇ ਬਾਂਸਲ ਗਰੁੱਪ ਦੇ ਖਿਲਾਫ ਪ੍ਰਚਾਰ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਇਸ਼ਤਿਹਾਰ ਜਾਰੀ ਕੀਤੇ ਸਨ। ਪਟੀਸ਼ਨਰ ਧਿਰ ਨੇ ਗਾਹਕਾਂ ਦੇ ਭੰਬਲਭੂਸੇ ਕਾਰਨ ਨਾ ਸਿਰਫ਼ ਕਾਰੋਬਾਰੀ ਨੁਕਸਾਨ ਸਗੋਂ ਵਿੱਤੀ ਨੁਕਸਾਨ ਵੀ ਦੇਖਿਆ, ਜਿਸ ਕਾਰਨ ਪੁਸ਼ਪਾ ਘਨਸ਼ਿਆਮ ਬਾਂਸਲ ਗਰੁੱਪ ਨੇ ਅਦਾਲਤ ਤੱਕ ਪਹੁੰਚ ਕੀਤੀ ਹੈ।

# ਹੰਬੋਵਾਲ ਬੇਟ ਦੇ ਛਿੰਝ ਮੇਲੇ 'ਚ ਝੰਡੀ ਦੀ ਕੁਸ਼ਤੀ ਭੁਪਿੰਦਰ ਅਜਨਾਲਾ ਅਤੇ ਪ੍ਰਵੀਨ ਕੁਹਾਲੀ ਦਰਮਿਆਨ ਬਰਾਬਰ ਰਹੀ



ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ )- ਪਿੰਡ ਹੰਬੋਵਾਲ ਬੇਟ ਵਿਖੇ ਗੁੱਗਾ ਜ਼ਾਹਰ ਪ੍ਰਬੰਧਕ ਕਮੇਟੀ, ਸਮੂਹ ਗਰਾਮ ਪੰਚਾਇਤ, ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਵਿਸ਼ਾਲ ਕੁਸਤੀ ਦੰਗਲ ਕਰਵਾਇਆ ਗਿਆ। ਇਸ ਸਬੰਧੀ ਕਰਮਜੀਤ ਸਿੰਘ, ਰੁਪਿੰਦਰ ਸਿੰਘ ਰਵੀ ਨੰਬਰਦਾਰ, ਸੁਰਿੰਦਰ ਛਿੰਦਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਛਿੰਝ ਮੇਲਾ ਗੁੱਗਾ ਜਾਹਰ ਪੀਰ ਨੂੰ ਸਮਰਪਿਤ ਕਰਵਾਇਆ ਗਿਆ, ਜਿਸ ਦੌਰਾਨ ਦੋ ਝੰਡੀ ਦੀਆਂ ਕੁਸਤੀਆਂ ਕਰਵਾਈਆਂ ਜਿਨ੍ਹਾਂ ਵਿੱਚ ਪਹਿਲੀ ਝੰਡੀ ਦੀ ਕੁਸਤੀ ਭੁਪਿੰਦਰ ਅਜਨਾਲਾ ਅਤੇ ਪ੍ਰਵੀਨ ਕੁਹਾਲੀ ਦਰਮਿਆਨ ਕਾਂਟੇ ਦੀ ਟੱਕਰ ਹੋਈ, 20 ਮਿੰਟ ਦੌਰਾਨ ਕੋਈ ਨਤੀਜਾ ਸਾਹਮਣੇ ਨਾ ਆਇਆ ਤਾਂ 5 ਮਿੰਟ ਦਾ ਵਾਧੂ ਸਮਾਂ ਦਿੱਤਾ, ਉਪਰੰਤ ਹੋਰ ਦਿੱਤੇ ਤਿੰਨ ਮਿੰਟ ਵਿੱਚ ਵੀ ਕੋਈ ਨਤੀਜਾ ਸਾਹਮਣੇ ਨਾ ਆਇਆ ਤਾਂ ਪ੍ਰਬੰਧਕਾਂ ਨੇ ਕੁਸਤੀ ਬਰਾਬਰ ਕਰਾਰ ਦੇ ਦਿੱਤੀ। ਝੰਡੀ ਦੀ ਕੁਸਤੀ ਦਾ ਇਨਾਮ ਬੁਲਿਟ ਮੋਟਰ ਸਾਈਕਲ ਗੁਰਨਾਮ ਸਿੰਘ, ਮਨਪ੍ਰੀਤ ਸਿੰਘ ਨੰਨੂ, ਰਾਮੇਸ਼ ਕੁਮਾਰ ਫੌਜੀ , ਸਾਬਕਾ ਸਰਪੰਚ ਕਰਨੈਲ ਸਿੰਘ ਦੁਆਰਾਂ ਦੱਤਾ ਗਿਆ। ਦੂਜੀ ਝੰਡੀ ਦੀ ਕੁਸਤੀ ਸ਼ੇਰਾ ਬਾਬਾ ਫਲਾਈ ਅਤੇ ਗੁਰਜੰਟ ਦਰਮਿਆਨ ਵੀ ਬਰਾਬਰ ਰਹੀ। ਇਸ ਕੁਸਤੀ ਲਈ ਅਜੀਤ ਸਿੰਘ ਦੇ ਪਰਿਵਾਰ ਵੱਲੋਂ ਇੱਕ ਲੱਖ ਰੁਪਏ, ਨਛੱਤਰ ਸਿੰਘ ਦੇ ਪਰਿਵਾਰ ਵੱਲੋਂ ਦੋ ਸੋਨੇ ਦੀਆਂ ਮੁੰਦਰੀਆਂ, ਪਰਮਿੰਦਰ ਸਿੰਘ ਵੱਲੋਂ ਸੋਨੇ ਦੀ ਮੁੰਦਰੀ ਅਤੇ ਜਸਵਿੰਦਰ ਸਿੰਘ ਵੱਲੋਂ 31000 ਰੁਪਏ ਦਾ ਨਕਦ ਇਨਾਮ ਦਿੱਦਾ ਗਿਆ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਮੁੱਖ ਮਹਿਮਾਨ ਜਗਤਾਰ ਸਿੰਘ ਦਿਆਲਪੁਰਾ ਹਲਕਾ ਵਿਧਾਇਕ, ਰੁਪਿੰਦਰ ਸਿੰਘ ਰਾਜਾ ਗਿੱਲ, ਰਣਜੀਤ ਸਿੰਘ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਨਵਜੀਤ ਸਿੰਘ ਉਟਾਲ ਪੀ. ਏ., ਹਰਚੰਦ ਸਿੰਘ ਮਲਕਪੁਰ, ਗੁਰਮੁੱਖ ਸਿੰਘ ਬੁੱਲੇਪੁਰ, ਸੂਬੇਦਾਰ ਜਰਨੈਲ ਸਿੰਘ, ਸਰਬਨ ਸਿੰਘ ਚੰਡੀਗੜ੍ਹ, ਭਗਤ ਅਮਰ ਨਾਥ, ਭੁਪਿੰਦਰ ਸਿੰਘ ਯੂੰ. ਐਸ. ਏ., ਸਮਸ਼ੇਰ ਸਿੰਘ ਸ਼ੇਰਾ ਇਟਲੀ, ਗੁਲਸ਼ਨ ਕੁਮਾਰ ਸੈਕਟਰੀ, ਬਿੱਟੂ ਸਪੇਨ, ਰਾਜ ਕੁਮਾਰ ਪ੍ਰਧਾਨ ਜਾਗਰਣ ਕਮੇਟੀ, ਹਰਦੀਪ ਸਿੰਘ ਸਕੱਤਰ, ਕੇਸਰ ਸਿੰਘ ਇੰਗਲੈਂਡ , ਸ਼ਿਆਮ ਲਾਲ ਕੁੰਦਰਾ, ਨੰਬਰਦਾਰ ਅਮਰਨਾਥ, ਸੁਰਿੰਦਰ ਕੁਮਾਰ ਸਰਪੰਚ, ਕਰਨੈਲ ਸਿੰਘ ਸਾਬਕਾ ਸਰਪੰਚ, ਜੋਗਿੰਦਰ ਸਿੰਘ ਨੰਬਦਦਾਰ ਆਦਿ ਤੋਂ ਇਲਾਵਾ ਇਲਾਕੇ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਜਿਨ੍ਹਾਂ ਨੇ ਇਸ ਦੰਗਲ ਮੇਲੇ ਦੇ ਪੁੱਜੇ ਪਹਿਲਵਾਨਾਂ ਅਤੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਵਪ੍ਰੀਤ ਸਿੰਘ ਪਹਿਲਵਾਨ ਹੰਬੋਵਾਲ ਦਾ ਛੇ ਫੁੱਟ ਵੱਡੇ ਕੱਪ ਨਾਲ ਸਨਮਾਨਿਤ ਕੀਤਾ ਗਿਆ।

ਇਸ ਛਿੰਝ ਮੇਲੇ ਨੂੰ ਨੇਪਰੇ ਚਾੜਨ ਲਈ ਪ੍ਰਮੁੱਖ ਤੌਰ ਤੇ ਰੁਪਿੰਦਰ ਸਿੰਘ ਨੰਬਰਦਾਰ, ਕਰਮਜੀਤ ਸਿੰਘ , ਹਰਨਾਮ ਸਿੰਘ, ਮਨਪ੍ਰੀਤ ਸਿੰਘ, ਰਵੀ ਨੰਬਰਦਾਰ, ਰਾਮੇਸ਼ਪਾਲ, ਸੁਰਿੰਦਰ ਛਿੰਦਾ, ਕੈਪਟਨ ਬਲਜੀਤ ਸਿੰਘ, ਅਸ਼ੋਕ ਕੁਮਾਰ, ਜਰਨੈਲ ਸਿੰਘ, ਲਾਲ ਸਿੰਘ ਸਰਪੰਚ, ਨਿਰਮਲ ਸਿੰਘ ਪੱਪੂ, ਰਣਬੀਰ ਸਿੰਘ ਪ੍ਰਧਾਨ, ਗੁਰਨਾਮ ਸਿੰਘ ਪੰਚ, ਸੁਲੱਖਣ ਸਿੰਘ ਆਦਿ ਤੋਂ ਇਲਾਵਾ ਪਿੰਡ ਨਿਵਾਸੀਆਂ ਨੇ ਦਿਨ ਰਾਤ ਇੱਕ ਕਰ ਦਿੱਤੀ।

# ਪਾਇਨੀਅਰ ਕਾਨਵੈਂਟ ਸਕੂਲ ਦੇ ਮੁੱਕੇਬਾਜ਼ ਜਮਨਵੀਰ ਜਵੰਦਾ ਨੇ ਨੈਸ਼ਨਲ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਹਾਸਲ ਕਰਕੇ ਸਕੂਲ ਦਾ ਨਾਮ ਕੀਤਾ ਰੋਸ਼ਨ



ਮਾਲੇਰਕੋਟਲਾ ,(ਲੋਕ ਬਾਣੀ ) ਪਿਛਲੇ ਦਿਨੀਂ ਹੋਈ ਨੈਸ਼ਨਲ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਪਾਇਨੀਅਰ ਕਾਨਵੈਂਟ ਸਕੂਲ, ਗੱਜਣ ਮਾਜਰਾ ਦੇ ਮੁੱਕੇਬਾਜ਼ ਜਮਨਵੀਰ ਜਵੰਦਾ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਜਮਨਵੀਰ ਨੇ ਆਪਣੀ ਜਿੱਤ ਦੀ ਲੜੀ ਨੂੰ ਜਾਰੀ ਰੱਖਦਿਆਂ ਮੁੱਕੇਬਾਜ਼ੀ ਵਿੱਚ ਉੱਚ ਦਰਜੇ ਦੀ ਕਾਬਲੀਅਤ ਦਿਖਾਈ ਅਤੇ ਆਪਣੇ ਕਠਿਨ ਪ੍ਰਦਰਸ਼ਨ ਨਾਲ ਹਰੇਕ ਦੀਆਂ ਤਾਰੀਫਾਂ ਲੁੱਟ ਲਈਆਂ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਮੰਡੇਰ ਅਤੇ ਸਮੂਹ ਸਟਾਫ ਵਲੋਂ ਖਿਡਾਰੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਸਕੂਲ ਚ ਪਹੁੰਚਣ ਤੇ ਜਮਨਵੀਰ ਦਾ ਮੈਡਲ ਅਤੇ ਟਰਾਫੀ ਨਾਲ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਮੈਡਮ ਡਾ. ਪਰਮਿੰਦਰ ਕੌਰ ਮੰਡੇਰ ਨੇ ਇਸ ਮੌਕੇ ਜਮਨਵੀਰ ਨੂੰ ਮੁਬਾਰਕਬਾਦ ਦਿੱਤੀ ਅਤੇ ਉਸ ਦੇ ਕੋਚਾਂ ਦੀ ਭਰਪੂਰ ਸਲਾਹੀਅਤ ਨੂੰ ਸਲਾਮ ਕੀਤਾ। ਉਨ੍ਹਾਂ ਨੇ ਕਿਹਾ, ਇਹ ਸਿਰਫ ਜਮਨਵੀਰ ਦੀ ਸਫਲਤਾ ਨਹੀਂ ਹੈ, ਸਗੋਂ ਪੂਰੇ ਸਕੂਲ ਦੇ ਮਾਣ ਦਾ ਮੌਕਾ ਹੈ। ਇਸ ਜਿੱਤ ਨੇ ਸਾਡੀ ਸਿੱਖਿਆ ਪ੍ਰਣਾਲੀ ਅਤੇ ਖੇਡਾਂ ਪ੍ਰਤੀ ਸਾਡੇ ਦ੍ਰਿਸ਼ਟਿਕੋਣ ਨੂੰ ਅੱਗੇ ਲਿਆਉਣ ਵਿੱਚ ਮਦਦ ਕੀਤੀ ਹੈ।

ਪ੍ਰਿੰਸੀਪਲ ਮੈਡਮ ਨੇ ਖਿਡਾਰੀਆਂ ਨੂੰ ਅੱਗੇ ਵੀ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਕੂਲ ਵੱਲੋਂ ਹਰ ਤਰ੍ਹਾਂ ਦੀ ਸਹੂਲਤ ਅਤੇ ਮਸ਼ਵਰਾ ਦਿੱਤਾ ਜਾਵੇਗਾ ਤਾਂ ਕਿ ਵੱਖ-ਵੱਖ ਖੇਡਾਂ ਵਿੱਚ ਚਮਕਦੇ ਸਿਤਾਰੇ ਪੈਦਾ ਕੀਤੇ ਜਾ ਸਕਣ। ਡਾ. ਪਰਮਿੰਦਰ ਕੌਰ ਮੰਡੇਰ ਨੇ ਕਿਹਾ ਕਿ ਖੇਡਾਂ ਸਿਰਫ ਸਰੀਰਕ ਤੰਦਰੁਸਤੀ ਨਹੀਂ ਦਿੰਦੀਆਂ, ਸਗੋਂ ਉਨ੍ਹਾਂ ਦੇ ਮਨ ਨੂੰ ਵੀ ਮਜ਼ਬੂਤ ਬਣਾਉਂਦੀਆਂ ਹਨ।ਜਮਨਵੀਰ ਜਵੰਦਾ ਨੇ ਇਸ ਜਿੱਤ ਦੇ ਮੌਕੇ ਤੇ ਆਪਣੇ ਕੋਚਾਂ ਅਤੇ ਪਰਿਵਾਰ ਦਾ ਧੰਨਵਾਦ ਕੀਤਾ। ਉਸ ਨੇ ਕਿਹਾ, ਮੇਰੇ ਇਸ ਮੋੜ ਤੱਕ ਪਹੁੰਚਣ ਦਾ ਸਿਹਰਾ ਮੇਰੇ ਕੋਚ ਅਤੇ ਸਕੂਲ ਨੂੰ ਜਾਂਦਾ ਹੈ, ਜਿਨ੍ਹਾਂ ਨੇ ਮੇਰੀ ਮਦਦ ਕੀਤੀ ਅਤੇ ਮੈਨੂੰ ਹਰੇਕ ਪੜਾਅ ਤੇ ਸਹਿਯੋਗ ਦਿੱਤਾ। ਉਸ ਨੇ ਕਿਹਾ ਕਿ ਇਸ ਮੋਟਿਵੇਸ਼ਨ ਨਾਲ ਉਹ ਅੱਗੇ ਵੀ ਹੋਰ ਮਿਹਨਤ ਕਰੇਗਾ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਵਿੱਚ ਪ੍ਰਦਰਸ਼ਨ ਕਰੇਗਾ।

ਇਸ ਮੌਕੇ ਤੇ ਫਿਜੀਕਲ ਸਟਾਫ ਵੀ ਹਾਜ਼ਰ ਸੀ। ਉਨ੍ਹਾਂ ਨੇ ਜਮਨਵੀਰ ਦੀ ਸਫਲਤਾ ਨੂੰ ਸਕੂਲ ਦੇ ਹਰੇਕ ਵਿਦਿਆਰਥੀ ਲਈ ਪ੍ਰੇਰਣਾ ਦਾ ਸਰੋਤ ਦੱਸਿਆ।

ਜਮਨਵੀਰ ਦੇ ਕੋਚ ਨੇ ਕਿਹਾ ਕਿ ਇਹ ਸਿਰਫ ਇਕ ਸ਼ੁਰੂਆਤ ਹੈ ਅਤੇ ਉਹ ਜਮਨਵੀਰ ਨੂੰ ਅੱਗੇ ਹੋਰ ਵੱਡੇ ਮੈਦਾਨਾਂ ਵਿੱਚ ਦਿਖਣਾ ਚਾਹੁੰਦੇ ਹਨ।ਸਕੂਲ ਵਿੱਚ ਇਸ ਸਫਲਤਾ ਦੀ ਖ਼ੁਸ਼ੀ ਨੂੰ ਮਨਾਉਂਦੇ ਹੋਏ ਸਮੂਹ ਵਿਦਿਆਰਥੀ ਅਤੇ ਸਟਾਫ ਨੇ ਜਮਨਵੀਰ ਜਵੰਦਾ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਮੰਡੇਰ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਖਿਡਾਰੀਆਂ ਦੀ ਸਫਲਤਾ ਸਿਰਫ ਉਨ੍ਹਾਂ ਦੀ ਮਹਿਨਤ ਦਾ ਨਤੀਜਾ ਨਹੀਂ ਹੈ, ਸਗੋਂ ਸਮੂਹ ਸਕੂਲ ਦੀ ਕਾਵਸ਼ਾਂ ਦਾ ਨਤੀਜਾ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਸਹੀ ਦਿਸ਼ਾ ਦਿੱਤੀ।

ਇਸ ਪ੍ਰਸੰਗਿਕ ਮੌਕੇ ਤੇ ਸਕੂਲ ਵਿੱਚ ਇੱਕ ਛੋਟਾ ਸਮਾਗਮ ਵੀ ਕਰਵਾਇਆ ਗਿਆ, ਜਿਸ ਵਿੱਚ ਜਮਨਵੀਰ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਮੂਹ ਸਕੂਲ ਨੇ ਉਸ ਦੇ ਅਗਲੇ ਯਤਨਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਕੌਮੀ ਲੋਕ ਅਦਾਲਤ ਅਧੀਨ ਕੋਰਟ ਕੰਪਲੈਕਸ ਵਿਖੇ 04 ਬੈਂਚ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਸਮੂਹ ਤਹਿਸੀਲ ਦਫ਼ਤਰਾਂ ਵਿਖੇ ਸਥਾਪਿਤ ਕੀਤੇ ਜਾਣਗੇ ਬੈਂਚ- ਏ.ਸੀ.ਜੀ.ਐਮ



ਮਾਲੇਰਕੋਟਲਾ : ( ਕਿਮੀ ਅਰੋੜਾ,ਅਸਲਮ ਨਾਜ਼) ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਪਰਸਨ ਕਮ ਜ਼ਿਲ੍ਹਾ ਅਤੇ ਸੈਸ਼ਨ ਜੱਜ- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਸ੍ਰੀ ਮੁਨੀਸ਼ ਸਿੰਗਲ ਅਤੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਦਲਜੀਤ ਕੌਰ ਦੀ ਰਹਿਨੁਮਾਈ ਹੇਠ ਸਬ ਡਵੀਜਨ ਮਾਲੇਰਕੋਟਲਾ ਅਧੀਨ ਸਮੂਹ ਨਿਆਇਕ ਅਦਾਲਤ ਵੱਲੋਂ ਕੇਸਾਂ ਦੇ ਨਿਪਟਾਰੇ ਲਈ 14 ਸਤੰਬਰ ਦਿਨ ਸਨੀਵਾਰ ਨੂੰ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਸ ਗੱਲ ਦੀ ਜਾਣਕਾਰੀ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਕਮ ਚੇਅਰਪਰਸਨ ਸਬ ਡਵੀਜ਼ਨ ਲੀਗਲ ਸਰਵਿਸ ਅਥਾਰਟੀ ਮਾਲੇਰਕੋਟਲਾ ਸ੍ਰੀਮਤੀ ਰੂਪਾ ਧਾਲੀਵਾਲ ਨੇ ਦਿੱਤੀ ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਅਧੀਨ ਚਾਰ ਬੈਂਚ ਕੋਰਟ ਕੰਪਲੈਕਸ ਵਿਖੇ ਸਿਵਲ ਜੱਜ ਸੀਨੀਅਰ ਡਵੀਜ਼ਨ ਸ੍ਰੀਮਤੀ ਰੂਪਾ ਧਾਲੀਵਾਲ, ਸਿਵਲ ਜੱਜ ਜੂਨੀਅਰ ਡਵੀਜ਼ਨ ਸ੍ਰੀ ਵਿਸਵ ਗੁਪਤਾ, ਸਿਵਲ ਜੱਜ ਜੂਨੀਅਰ ਡਵੀਜਨ ਅਕਿੰਤਾ ਲੂੰਬਾ, ਅਤੇ ਸਿਵਲ ਜੱਜ ਜੂਨੀਅਰ ਡਵੀਜਨ ਸ੍ਰੀ ਜਿੰਦਰਪਾਲ ਸਿੰਘ ਅਧੀਨ ਲੋਕਾਂ ਦੀ ਸਹੂਲਤ ਲਈ ਸਥਾਪਿਤ ਕੀਤੇ ਜਾਣਗੇ । ਇਸ ਤੋਂ ਇਲਾਵਾ ਸਮੂਹ ਤਹਿਸੀਲ ਦਫ਼ਤਰਾਂ ਵਿਖੇ ਵੀ ਆਮ ਜਨਤਾ ਦੀ ਸਹੂਲਤ ਲਈ ਬੈਂਚ ਸਥਾਪਿਤ ਕੀਤੇ ਜਾਣਗੇ ।ਨ੍ਹਾਂ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫ਼ੈਸਲਾ ਕਰਵਾਉਣਾ ਹੈ ਤਾਂ ਜੋ ਧਿਰਾਂ ਦਾ ਧਨ(ਪੈਸੇ) ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਹਨਾਂ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਗੰਭੀਰ ਕਿਸਮ ਦੇ ਫ਼ੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰਾਂ ਦੇ ਕੇਸ ਜੋ ਵੱਖ ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਨੈਸ਼ਨਲ ਲੋਕ ਅਦਾਲਤ ਵਿੱਚ ਫ਼ੈਸਲੇ ਲਈ ਸ਼ਾਮਲ ਕੀਤੇ ਜਾਂਦੇ ਹਨ। ਲੋਕ-ਅਦਾਲਤਾਂ ਦੇ ਫ਼ਾਇਦੇ ਦੱਸਿਆ ਉਨ੍ਹਾਂ ਕਿਹਾ ਕਿ ਲੋਕ ਅਦਾਲਤਾਂ ਵਿੱਚ ਛੇਤੀ ਤੇ ਨਿਆਂ ਮਿਲਦਾ ਹੈ, ਇਸ ਦੇ ਫ਼ੈਸਲੇ ਨੂੰ ਦੀਵਾਨੀ ਕੋਰਟ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ, ਇਸ ਦੇ ਫ਼ੈਸਲੇ ਖ਼ਿਲਾਫ਼ ਕੋਈ ਅਪੀਲ ਨਹੀਂ ਹੁੰਦੀ, ਇਸ ਵਿੱਚ ਫ਼ੈਸਲਾ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਕਰਵਾਇਆ ਜਾਂਦਾ ਹੈ, ਲੋਕ ਅਦਾਲਤ ਵਿੱਚ ਫ਼ੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫ਼ੀਸ ਵੀ ਵਾਪਸ ਮਿਲ ਜਾਂਦੀ ਹੈ, ਇਸ ਦੇ ਫ਼ੈਸਲੇ ਅੰਤਿਮ ਹੁੰਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਲੈਣ ।

ਰੋਜ਼ਾਨਾ ਲੋਕ ਬਾਣੀ www.lokbani

# ਰਾਸ਼ਟਰੀ ਜੂਡੋ ਮੀਟ 13 ਸਤੰਬਰ ਤੱਕ



ਗੁਰਦਾਸਪੁਰ-ਨਵਨੀਤ ਕੁਮਾਰ -
ਨਵੇਦਿਆ ਵਿਦਿਆਲਿਆ ਸਮਿਤੀ ਦੀ ਨੈਸ਼ਨਲ ਜੂਡੋ ਮੀਟ 2024 ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਜਿਲ੍ਹਾ ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ ਚੰਡੀਗੜ੍ਹ ਰੀਜਨ ਕੈਪਟਨ ਟੀਨਾ ਧੀਰ ਦੀ ਸਹਿਯੋਗ ਅਗਵਾਈ ਹੇਠ 11 ਤੋਂ 13 ਸਤੰਬਰ ਤੱਕ ਕਰਵਾਈ ਜਾ ਰਹੀ ਹੈ । ਉਦਘਾਟਨ ਸਮਾਰੋਹ ਵਿੱਚ ਅਵਤਾਰ ਸਿੰਘ ਓਲੰਪੀਅਨ ਅੰਤਰਰਾਸ਼ਟਰੀ ਜੂਡੋ ਖਿਡਾਰੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਨਵੋਦਿਆ ਵਿਦਿਆਲਿਆ ਸਮਿਤੀ ਵੱਲੋਂ ਆਰ.ਕੇ. ਵਰਮਾ ਜੀ ਸਹਾਇਕ ਕਮਿਸ਼ਨਰ ਨਵੋਦਿਆ ਵਿਦਿਆਲਿਆ ਸਮਿਤੀ ਨੇ ਮੁੱਖ ਮਹਿਮਾਨ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਤੇ ਉਹਨਾਂ ਨੂੰ ਪੌਦੇ ਤੱ ਭੇਟ ਕਰਕੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਸ੍ਰੀ ਨਰੇਸ਼ ਵਰਮਾ ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਗੁਰਦਾਸਪੁਰ ਅਤੇ ਹੋਰ ਜਵਾਹਰ ਨਵੋਦਿਆ ਵਿਦਿਆਲਿਆ ਤੋਂ ਪਹੁੰਚੇ ਹੋਏ ਪ੍ਰਿੰਸੀਪਲ ਸਾਹਿਬਾਨ ਅਤੇ ਵਾਈਸ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਰਹੇ। ਇਹਨਾਂ ਖੇਡਾਂ ਵਿੱਚ ਨਵੋਦਿਆ ਵਿਦਿਆਲਿਆ ਸਮਿਤੀ ਦੇ ਅੱਠ ਖੇਤਰਾਂ ਦੇ 182 ਲੜਕੀਆਂ ਅਤੇ 194 ਲੜਕੇ ਹਿੱਸਾ ਲੈ ਰਹੇ ਹਨ ।ਖੇਡਾਂ ਦੇ ਪਹਿਲੇ ਦਿਨ ਭੋਪਾਲ ਅਤੇ ਪਟਨਾ ਰੀਜਨ ਦੇ ਅੰਡਰ 17 ਵਿਦਿਆਰਥੀਆਂ ਨੇ ਖੇਡਾਂ ਵਿੱਚ ਮੱਲਾਂ ਮਾਰੀਆਂ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਸਵੱਛਤਾ ਪਖਵਾੜਾ ਤਹਿਤ ਸਕੂਲ ਵਿਖੇ ਪ੍ਰਦਰਸ਼ਨੀ ਲਗਾਈ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਮਾਜ ਨੂੰ ਸਵੱਛਤਾ ਪ੍ਰਤੀ ਜਾਗਰੂਕ ਕਰਨ ਲਈ ਇੱਕ ਸਤੰਬਰ ਤੋਂ ਸਵੱਛਤਾ ਪਖਵਾੜਾ ਅਭਿਆਨ ਚਲਾਇਆ ਜਾ ਰਿਹਾ ਹੈ। ਇਸ ਅਭਿਆਨ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਤਪੁਰ ਜੱਟਾਂ ਵਿਖੇ ਕੋਆਰਡੀਨੇਟਰ ਡਾ ਕੁਲਦੀਪ ਸਿੰਘ , ਕਿਰਨ ਬਾਲਾ, ਸੰਦੀਪ ਕੌਰ ਦੀ ਦੇਖ-ਰੇਖ ਵਿੱਚ ਵਿਦਿਆਰਥੀਆਂ ਨੂੰ ਸਹੁੰ ਚੁੱਕ, ਆਪਣੇ ਸਰੀਰ ਅਤੇ ਆਲ਼ੇ -ਦੁਆਲੇ ਦੀ ਸਫ਼ਾਈ , ਜਾਗਰੂਕਤਾ ਰੈਲੀ, ਹੱਥਾਂ ਨੂੰ ਧੋਣ ਦੀ ਵਿਧੀ ਆਦਿ
ਵੱਖ -ਵੱਖ ਗਤੀਵਿਧੀਆਂ ਕਰਵਾਈਆਂ ਗਈਆਂ । ਵਿਦਿਆਰਥੀਆਂ ਵੱਲੋਂ ਸਵੱਛਤਾ ਅਭਿਆਨ ਨੂੰ ਦਰਸਾਉਂਦੇ ਪੋਸਟਰ, ਸਲੋਗਨ ਅਤੇ ਚਿੱਤਰਕਾਰੀ ਦੀ ਪ੍ਰਦਰਸ਼ਨੀ ਲਗਾਈ ਗਈ।ਇਸ ਮੌਕੇ ਜਸਵਿੰਦਰ ਸਿੰਘ ( ਲੈਕਚਰਾਰ ਪੰਜਾਬੀ) ਅਮਰਜੀਤ ਕੌਰ, ਅਰਜਨਜੀਤ ਸਿੰਘ (ਮੈਥ ਮਾਸਟਰ) ਅਮਨਪ੍ਰੀਤ ਕੌਰ, ਰੁਪਿੰਦਰ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਵਰਿੰਦਰ ਹੈਪੀ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਸਿੱਖ ਸਟੂਡੈਂਟਸ ਫੈਡਰੇਸ਼ਨ ਦਾ 80ਵਾਂ ਸਥਾਪਨਾ ਦਿਵਸ ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਮਨਾਇਆ ਜਾਵੇਗਾ - ਢੋਟ



ਅੰਮ੍ਰਿਤਸਰ (ਲੋਕ ਬਾਣੀ )- ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੀ ਇੱਕ ਬਹੁਤ ਹੀ ਅਹਿਮ ਮੀਟਿੰਗ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰਬੀਰ ਸਿੰਘ ਢੋਟ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਫੈਡਰੇਸ਼ਨ ਆਗੂਆਂ ਅਤੇ ਕਾਰਕੁਨਾਂ ਨੇ ਸ਼ਮੂਲੀਅਤ ਕੀਤੀ। ਫੈਡਰੇਸ਼ਨ ਪ੍ਰਧਾਨ ਭਾਈ ਅਮਰਬੀਰ ਸਿੰਘ ਢੋਟ ਨੇ ਦੱਸਿਆ ਕਿ ਫੈਡਰੇਸ਼ਨ ਦਾ 80ਵਾਂ ਸਥਾਪਨਾ ਦਿਵਸ ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ (ਨੇੜੇ ਸ਼ਹੀਦਾਂ) ਵਿਖੇ, 13 ਸਤੰਬਰ 20 24 ਨੂੰ 10 ਤੋਂ 12 ਵਜੇ ਤੱਕ ਵੱਡੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਫੈਡਰੇਸ਼ਨ ਪ੍ਰਧਾਨ ਨੇ ਦੱਸਿਆ ਕਿ, ਇਸ ਇਕੱਠ ਵਿੱਚ ਸਮੁੱਚੇ ਪੰਜਾਬ ਤੋਂ ਫੈਡਰੇਸ਼ਨ ਵਰਕਰ ਅਤੇ ਕਾਰਕੁੰਨ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ ਇਸ ਸਬੰਧੀ ਸਾਰੇ ਜਿੰਮੇਵਾਰ ਫੈਡਰੇਸ਼ਨ ਅਹੁਦੇਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਇਕੱਠ ਵਿੱਚ ਜਿੱਥੇ ਰਾਗੀ ਢਾਡੀ ਸ਼ਿਰਕਤ ਕਰਨਗੇ ਉਥੇ ਨਾਲ ਹੀ ਬਹੁਤ ਹੀ ਸਤਿਕਾਰਯੋਗ ਸਿੰਘ ਸਾਹਿਬ, ਸੰਤ ਮਹਾਂਪੁਰਸ਼ ਅਤੇ ਹੋਰ ਧਾਰਮਿਕ ਸ਼ਖਸੀਅਤ ਵੀ ਸ਼ਮੂਲੀਅਤ ਕਰਨਗੀਆਂ ਅਤੇ ਅਜੋਕੇ ਸਮੇਂ ਵਿੱਚ ਕੌਮ ਨੂੰ ਦਰਪੇਸ਼ ਸਮੱਸਿਆਵਾਂ ਤੇ ਖੁੱਲ ਕੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਅਖੀਰ ਵਿੱਚ ਉਹਨਾਂ ਨੇ ਸਮੁੱਚੀ ਸਾਧ ਸੰਗਤ ਨੂੰ ਅਪੀਲ ਕੀਤੀ ਕਿ, ਉਹ ਹੁੰਮ- ਹੁਮਾ ਕੇ 13 ਸਤੰਬਰ 2024 ਨੂੰ ਗੁਰਦੁਆਰਾ ਬਿਬੇਕਸਰ ਸਾਹਿਬ ਵਿਖੇ ਪਹੁੰਚ ਕੇ ਇਸ ਸ਼ਾਨਾਮਤੇ ਇਤਿਹਾਸ ਵਾਲੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਥਾਪਨਾ ਦਿਵਸ ਤੇ ਆਪਣੀ ਹਾਜ਼ਰੀ ਲਵਾਉਣ। ਇਸ ਮੌਕੇ ਫੈਡਰੇਸ਼ਨ ਦੇ ਬੁਲਾਰੇ ਤੇ ਸੀ ਮੀਤ ਪ੍ਰਧਾਨ ਜਗਜੀਤ ਸਿੰਘ ਖ਼ਾਲਸਾ , ਬਲਵਿੰਦਰ ਸਿੰਘ ਰਾਜੋਕੇ ਸੀ ਮੀਤ ਪਧਾਨ , ਸਤਿੰਦਰਪਾਲ ਸਿੰਘ ਜੌਨੀ , ਮਨਜੀਤ ਸਿੰਘ ਜੋੜਾ ਫਾਟਕ , ਯੁਵਰਾਜ ਸਿੰਘ ਚੋਹਾਨ , ਜਰਮਨਜੀਤ ਸਿੰਘ ਸੁਲਤਾਨਵਿੰਡ ,ਹਰਪ੍ਰੀਤ ਸਿੰਘ ਗਿਨੀ , ਤਜਿੰਦਰ ਸਿੰਘ ਪ੍ਰਿੰਸ ,ਸਰਬਜੀਤ ਸਿੰਘ ਸੱਬਾ ,ਗੁਰਿੰਦਰ ਸਿੰਘ ਸੱਗੂ ,ਦਲਜੀਤ ਸਿੰਘ ਜੋੜਾ ,ਜਗਪ੍ਰੀਤ ਸਿੰਘ ਮਨੀ , ਸਤਨਾਮ ਸਿੰਘ ਭਾਟੀਆ ,ਕੁਲਬੀਰ ਸਿੰਘ ਵਿੱਕੀ ,ਕੁਲਵਿੰਦਰ ਸਿੰਘ ਢੋਟ ,ਹਰਵਿੰਦਰ ਸਿੰਘ ਬੱਬਰ ,ਰਜਿੰਦਰ ਸਿੰਘ ਰਾਜੂ ,ਮਨਪ੍ਰੀਤ ਸਿੰਘ ,ਆਦਿ ਫੈਡਰੇਸ਼ਨ ਆਗੂ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਸਰਕਾਰੀ ਹਾਈ ਸਕੂਲ ਪਿੰਡ ਦੁੱਲੇਵਾਲਾ ਵੱਲੋਂ ਸਾਹਿਤਕ ਮਿਲਣੀ ਕਰਵਾਈ ਗਈ

## ਮਕਬੂਲ ਨੌਜਵਾਨ ਲੇਖਕ ਗਗਨ ਫੂਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿਤਾਬਾਂ ਹੀ ਮਨੁੱਖ ਦਾ ਅਸਲ ਮਾਰਗਦਰਸ਼ਕ ਹਨ, ਕਿਤਾਬਾਂ ਅਤੇ ਗਿਆਨ ਤੋਂ ਬਿਨਾਂ ਮਨੁੱਖ ਅਧੂਰਾ ਹੈ



ਬਠਿੰਡਾ/ਦੁੱਲੇਵਾਲਾ: (ਗਗਨਦੀਪ ਸਿੰਘ) ਬੀਤੇ ਦਿਨੀਂ 11 ਸਤੰਬਰ ਨੂੰ ਸਰਕਾਰੀ ਹਾਈ ਸਕੂਲ ਪਿੰਡ ਦੁੱਲੇਵਾਲਾ ਵੱਲੋਂ ਸਕੂਲ ਵਿਖੇ ਸਾਹਿਤਕ ਮਿਲਣੀ ਕਰਵਾਈ ਗਈ। ਜਿਸ ਮੌਕੇ ਮਕਬੂਲ ਨੌਜਵਾਨ ਲੇਖਕ ਗਗਨ ਫੂਲ ਨੂੰ ਮਹਿਮਾਨ ਬੁਲਾਇਆ ਗਿਆ। ਗਗਨ ਫੂਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿਤਾਬਾਂ ਹੀ ਮਨੁੱਖ ਦਾ ਅਸਲ ਮਾਰਗਦਰਸ਼ਨ ਕਰਦਿਆਂ ਹਨ, ਕਿਤਾਬਾਂ ਅਤੇ ਗਿਆਨ ਤੋਂ ਬਿਨਾਂ ਮਨੁੱਖ ਅਧੂਰਾ ਹੈ, ਹੋਰ ਵੀ ਲਾਇਬ੍ਰੇਰੀ ਬਾਰੇ ਦੱਸਿਆ, ਕਿਤਾਬਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਤੇ ਕਿਤਾਬਾਂ ਦੀ ਅਹਿਮੀਅਤ ਬਾਰੇ ਵੀ ਚਾਨਣਾ ਪਾਇਆ, ਦਸਵੀਂ, ਬਾਰਵੀਂ ਤੋਂ ਬਾਅਦ ਅੱਗੇ ਕੀ-ਕੀ ਕਰ ਸਕਦੇ ਹਾਂ ਉਸ ਬਾਰੇ ਜਾਣਕਾਰੀ ਦਿੱਤੀ, ਵੋਟ ਦੀ ਮਹੱਤਤਾ ਬਾਰੇ ਦੱਸਿਆ ਅਤੇ ਵਿੱਦਿਆ ਕਿਉਂ ਜ਼ਰੂਰੀ ਹੈ ?, ਆਪਣੇ ਰਹਿਬਰਾਂ ਡਾ. ਅੰਬੇਡਕਰ, ਮਹਾਤਮਾ ਜੋਤੀਬਾ ਰਾਓ ਫੂਲੇ ਅਤੇ ਮਾਤਾ ਸਵਿੱਤਰੀ ਬਾਈ ਫੂਲੇ ਆਦਿ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ। ਆਪਣੀ ਨਿੱਜੀ ਪੁਸਤਕ ਡਾ. ਅੰਬੇਡਕਰ ਦੀ ਸੰਘਰਸ਼ ਗਾਥਾ ਅਤੇ ਹੋਰ ਪੁਸਤਕਾਂ ਸਕੂਲ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ। ਸਮੁੱਚੇ ਸਕੂਲ ਵੱਲੋਂ ਗਗਨ ਫੂਲ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਅਤੇ ਬਹੁਤ ਬਹੁਤ ਧੰਨਵਾਦ ਕੀਤਾ। ਇਸ ਸਾਹਿਤਕ ਮਿਲਣੀ ਮੌਕੇ ਹਰਪ੍ਰੀਤ ਸਿੰਘ ਫੂਲ, ਸ. ਚਰਨਜੀਤ ਸਿੰਘ (ਮੁੱਖ ਅਧਿਆਪਕ), ਮਾ. ਸੁਰਜੀਤ ਸਿੰਘ, ਮਾ. ਮਹਿੰਦਰ ਕੁਮਾਰ, ਮਾ. ਭਰਪੂਰ ਸਿੰਘ, ਸ਼੍ਰੀਮਤੀ. ਸੁਖਵੀਰ ਕੌਰ, ਸ਼੍ਰੀਮਤੀ. ਜਾਗ੍ਰਿਤੀ ਅਤੇ ਪ੍ਰਦੀਪ ਸਿੰਘ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਮਾਇੰਡ ਸੈੱਟ ਇਜ਼ ਏਵਰੀ ਥਿੰਗ - ਸਿਵਲ ਸਰਜਨ



ਫਗਵਾੜਾ (ਜੀਵਨ ਸੰਘਾ/ ਸੁਸ਼ੀਲ ਸ਼ਰਮਾ) ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਵੱਲੋਂ ਅੱਜ ਨਸ਼ਾ ਛੁਡਾਓ ਕੇਂਦਰ ਦਾ ਦੌਰਾ ਕੀਤਾ ਗਿਆ ਇਸ ਮੌਕੇ ਤੇ ਓਹਨਾਂ ਨਾਲ ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਸੰਦੀਪ ਭੋਲਾ ਵੀ ਨਾਲ ਸਨ। ਇਸ ਦੌਰਾਨ ਸਿਵਲ ਸਰਜਨ ਡਾਕਟਰ ਰਿਚਾ ਭਾਟੀਆ ਵੱਲੋਂ ਨਸ਼ਾ ਛੁਡਾਓ ਕੇਂਦਰ ਵਿਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਗਈ ਤੇ ਓਹਨਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਲਈ ਗਈ। ਡਾਕਟਰ ਰਿਚਾ ਭਾਟੀਆ ਨੇ ਇਸ ਮੌਕੇ ਇਲਾਜ ਕਰਾ ਰਹੇ ਮਰੀਜ਼ਾਂ ਦੀ ਹੌਸਲਾਅਫਜ਼ਾਈ ਕੀਤੀ ਤੇ ਕਿਹਾ ਕਿ ਉਹ ਆਪਣਾ ਇਲਾਜ਼ ਤੇ ਦਵਾਈ ਡਾਕਟਰੀ ਸਲਾਹ ਅਨੁਸਾਰ ਹੀ ਲੈਣ। ਓਹਨਾਂ ਨੌਜਵਾਨਾਂ ਨੂੰ ਜ਼ਿੰਦਗੀ ਸੰਬਧੀ ਪੋਜ਼ੀਟਿਵ ਸੰਦੇਸ਼ ਦਿੰਦਿਆ ਕਿਹਾ ਕਿ ਮਾਇੰਡ ਸੈੱਟ ਇਜ਼ ਐਵਰੀ ਥਿੰਗ ਯਾਨਿ ਜੇ ਕਿਸੀ ਵਜਾ ਕਰ ਕੇ ਓਹ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਹਨ ਤਾਂ ਹੁਣ ਪੋਜ਼ੀਟਿਵ ਸੋਚ ਅਤੇ ਸਹੀ ਇਲਾਜ ਦੇ ਜ਼ਰੀਏ ਬਾਹਰ ਵੀ ਆ ਸਕਦੇ ਹਨ। ਓਹਨਾਂ ਕਿਹਾ ਕਿ ਨਿਰਾਸ਼ਾ ਜ਼ਿੰਦਗੀ ਦਾ ਅੰਤ ਨਹੀਂ ਆਸ਼ਾ ਦੀ ਲੋਅ ਹਮੇਸ਼ਾ ਜਗਦੀ ਰਹਿਣੀ ਚਾਹੀਦੀ ਹੈ ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਸੰਦੀਪ ਭੋਲਾ ਵੱਲੋਂ ਇਸ ਮੌਕੇ ਨਵਜੀਵਨ ਕੇਂਦਰ ਦੀ ਕਾਰਗੁਜ਼ਾਰੀ ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਡਾਕਟਰ ਰਾਕੇਸ਼, ਡਿਪਟੀ ਮਾਸ ਮੀਡੀਆ ਅਫ਼ਸਰ ਡਾਕਟਰ ਸ਼ਰਨਦੀਪ ਸਿੰਘ,ਸੁਖਦਿਆਲ ਸਿੰਘ,ਸੁਪ੍ਰਿੰਟੈਂਡੈਂਟ ਰਾਮ ਅਵਤਾਰ,ਜਿਲਾ ਬੀ ਸੀ ਸੀ

## ਰਕ ਪ੍ਰਸੰਗ ,ਆਮ ਬੰਦਾ

ਪ੍ਰਸਿੱਧ ਸੰਗੀਤਕਾਰ ਪੇਅਰ ਮੋਂਤੀਓ ਕਾਫੀ ਰਾਤ ਗਏ ਕਿਸੇ ਸ਼ਹਿਰ ਵਿੱਚ ਆਪਣੀ ਪਤਨੀ ਨਾਲ ਇੱਕ ਹੋਟਲ ਵਿੱਚ ਕਮਰਾ ਲੈਣ ਗਿਆ। ਕਾਊਂਟਰ ਤੇ ਖਲੋਤੀ ਰਿਸੈਪਸ਼ਨਿਸਟ ਨੇ ਕਿਹਾ ਕਿ ਕੋਈ ਕਮਰਾ ਖਾਲੀ ਨਹੀਂ ਹੈ।

ਮੋਂਤੀਓ ਨੇ ਮਜਬੂਰੀ ਦੇ ਲਹਿਜ਼ੇ ਵਿੱਚ ਫਿਰ ਕਿਹਾ, ਰਾਤ ਕਾਫੀ ਹੋ ਗਈ ਹੈ ਤੇ ਨੇੜੇ ਤੇੜੇ ਕੋਈ ਹੋਰ ਹੋਟਲ ਨਹੀਂ ਹੈ। ਮੈਂ ਇਕੱਲਾ ਹੁੰਦਾ ਤਾਂ ਕੋਈ ਗੱਲ ਨਹੀਂ ਸੀ, ਪਰ ਮੇਰੇ ਨਾਲ ਮੇਰੀ ਪਤਨੀ ਹੈ। ਕਿਸੇ ਵੀ ਤਰ੍ਹਾਂ ਕਮਰੇ ਦਾ ਪ੍ਰਬੰਧ ਕਰਨ ਦੀ ਖੇਚਲ ਕਰੋ। ਮੈਂ ਬੜਾ ਧੰਨਵਾਦੀ ਹੋਵਾਂਗਾ। ਰਿਸੈਪਸ਼ਨਿਸਟ ਨੇ ਬੇਰੁਖੀ ਜਿਹੀ ਨਾਲ ਫੇਰ ਇਨਕਾਰ ਕਰ ਦਿੱਤਾ।

ਮੋਂਤੀਓ ਵਾਪਸ ਜਾਣ ਲਈ ਮੁੜਿਆ ਤਾਂ ਉੱਥੇ ਖਲੋਤੇ ਇੱਕ ਆਦਮੀ ਨੇ ਰਿਸੈਪਸ਼ਨਿਸਟ ਨੂੰ ਹੌਲੀ ਜਿਹੀ ਕਿਹਾ, ਕੀ ਤੂੰ ਪਛਾਣਿਆ ਨਹੀਂ ? ਇਹ ਪੇਅਰ ਮੋਂਤੀਓ ਹੈ, ਸੰਗੀਤਕਾਰ ਮੋਂਤੀਓ ! ਅੱਛਾ ! ਰਿਸੈਪਸ਼ਨਿਸਟ ਦੇ ਮੂੰਹੋਂ ਨਿਕਲਿਆ।

ਤਦੇ ਉਹਨੇ ਬੜੇ ਸਤਿਕਾਰ ਨਾਲ ਮੋਂਤੀਓ ਨੂੰ ਕਿਹਾ, ਮਾਫ਼ ਕਰਨਾ, ਮੈਂ ਤੁਹਾਨੂੰ ਪਛਾਣਿਆ ਨਹੀਂ ਸੀ। ਮੈਂ ਤੁਹਾਨੂੰ ਆਮ ਬੰਦਾ ਹੀ ਸਮਝ ਬੈਠੀ ਸਾਂ। ਤੁਸੀਂ ਬੈਠੋ। ਮੈਂ ਕਿਵੇਂ ਨਾ ਕਿਵੇਂ ਕਮਰੇ ਦਾ ਪ੍ਰਬੰਧ ਕਰਦੀ ਹਾਂ।

ਪੇਅਰ ਮੋਂਤੀਓ ਦੇ ਚਿਹਰੇ ਤੇ ਕਮਰਾ ਮਿਲਣ ਦੀ ਖ਼ੁਸ਼ੀ ਦੀ ਥਾਂ ਗੰਭੀਰਤਾ ਆ ਗਈ ਤੇ ਉਹਨੇ ਕਿਹਾ, ਮੈਡਮ, ਹਰ ਕੋਈ ਹੀ ਆਮ ਬੰਦਾ ਹੁੰਦਾ ਹੈ। ਫਿਰ ਉਹਨੇ ਆਪਣੀ ਪਤਨੀ ਦਾ ਹੱਥ ਫੜਿਆ ਤੇ ਹੋਟਲ ਤੋਂ ਬਾਹਰ ਨਿਕਲ ਗਿਆ।



ਪ੍ਰੋ. ਨਵ ਸੰਗੀਤ ਸਿੰਘ

# ਤਰਨਜੀਤ ਸਿੰਘ ਰਿੰਪੀ ਕਿੰਨੜਾ ਬਣੇ ਬੰਗਾ ਰੋਡ ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ

## ਬੰਗਾ ਰੋਡ ਦੀ ਮੁੜ ਉਸਾਰੀ ਲਈ ਸੰਘਰਸ਼ ਦਾ ਕੀਤਾ ਐਲਾਨ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਥਾਨਕ ਬੰਗਾ ਰੋਡ ਸਥਿਤ ਪੁਰਾਣੇ ਸਿਵਲ ਹਸਪਤਾਲ ਤੋਂ ਮੇਹਲੀ ਬਾਈਪਾਸ ਤੱਕ ਦੇ ਦੁਕਾਨਦਾਰਾਂ ਦੀ ਇਕ ਮੀਟਿੰਗ ਕਿੰਨੜਾ ਫਿਲਿੰਗ ਸਟੇਸ਼ਨ ਵਿਖੇ ਹੋਈ। ਮੀਟਿੰਗ ਦੌਰਾਨ ਹਾਜਰ ਆਏ ਸਮੂਹ ਦੁਕਾਨਦਾਰਾਂ ਨੇ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਜਿਸ ਤੋਂ ਬਾਅਦ ਸਰਬ ਸੰਮਤੀ ਦੇ ਨਾਲ ਬੰਗਾ ਰੋਡ ਮਾਰਕਿਟ ਐਸੋਸੀਐਸ਼ਨ ਦਾ ਗਠਨ ਕਰਦਿਆਂ ਤਰਨਜੀਤ ਸਿੰਘ (ਰਿੰਪੀ) ਕਿੰਨੜਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਐਲਾਨਿਆ ਗਿਆ। ਰਿੰਪੀ ਕਿੰਨੜਾ ਨੇ ਸਮੂਹ ਹਾਜਰੀਨ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਜਿਸ ਵਿਸ਼ਵਾਸ ਨਾਲ ਉਹਨਾਂ ਨੂੰ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ ਹੈ, ਉਸ ਤੇ ਪੂਰਾ ਉੱਤਰਦੇ ਹੋਏ ਬੰਗਾ ਰੋਡ ਦੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਨੂੰ ਹਲ ਕਰਵਾਉਣ ਦਾ ਪੂਰਾ ਯਤਨ ਕਰਨਗੇ। ਉਹਨਾਂ ਨੇ ਸਮੂਹ ਮੈਂਬਰਾਂ ਦੀ ਸਹਿਮਤੀ ਦੇ ਨਾਲ ਆਪਣੀ ਕਾਰਜਕਾਰਣੀ ਦਾ ਗਠਨ ਕਰਦੇ ਹੋਏ ਇਸ਼ਾਨ ਪਸਰੀਚਾ ਨੂੰ ਸੀਨੀਅਰ ਵਾਈਸ ਪ੍ਰਧਾਨ, ਚੇਤਨ ਬਜਾਜ ਨੂੰ ਵਾਈਸ ਪ੍ਰਧਾਨ, ਸਰਬਜੀਤ ਕੰਡਾ ਨੂੰ ਸਕੱਤਰ, ਅਮਿਤ ਤ੍ਰੇਹਨ ਨੂੰ ਜੁਆਇੰਟ ਸਕੱਤਰ ਜਦਕਿ ਡਾ. ਮਨਦੀਪ ਸਿੰਘ ਨੂੰ ਖਜਾਨਚੀ ਅਤੇ ਦਿਗਵਿੰਦਰ ਰਾਣਾ ਨੂੰ ਪ੍ਰੈੱਸ ਸਕੱਤਰ ਐਲਾਨਿਆ। ਐਸੋਸੀਏਸ਼ਨ ਦੇ ਪਹਿਲੇ ਮਤੇ ਵਿਚ ਬੰਗਾ ਰੋਡ ਸ਼ਮਸ਼ਾਨ ਘਾਟ ਦੇ ਬਾਹਰ ਵਾਲੀ ਮਾਰਕਿਟ ਦਾ ਨਾਮ ਗੁਰੂ ਨਾਨਕ ਮਾਰਕੀਟ ਰੱਖਣ ਦਾ ਫੈਸਲਾ ਹੋਇਆ। ਜਿਸ ਨੂੰ ਸਮੂਹ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਦੂਸਰੇ ਮਤੇ ਵਿਚ ਬੰਗਾ ਰੋਡ ਦੀ ਮਾੜੀ ਹਾਲਤ ਅਤੇ ਖਰਾਬ ਸਟਰੀਟ ਲਾਈਟਾਂ ਦੀ ਵਜ੍ਹਾ ਨਾਲ ਰਾਤ ਸਮੇਂ ਹੋਣ ਵਾਲੀ ਮੁਸ਼ਕਲ ਦਾ ਹੱਲ ਕਰਵਾਉਣ ਲਈ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨਾਲ ਰਾਬਤਾ ਕਰਨ ਬਾਰੇ ਸਹਿਮਤੀ ਪ੍ਰਗਟਾਈ ਗਈ। ਪ੍ਰਧਾਨ ਰਿੰਪੀ ਕਿੰਨੜਾ ਨੇ ਕਿਹਾ ਕਿ ਇਸ ਮਸਲੇ ਨੂੰ ਲੈ ਕੇ ਜਲਦੀ ਹੀ ਹਲਕਾ ਮੈਂਬਰ ਪਾਰਲੀਮੈਂਟ ਰਾਜਕੁਮਾਰ ਚੱਬੇਵਾਲ ਨਾਲ ਵੀ ਰਾਬਤਾ ਕੀਤਾ ਜਾਵੇਗਾ। ਸਮੂਹ ਮੈਂਬਰਾਂ ਨੇ ਨਵ ਨਿਯੁਕਤ ਪ੍ਰਧਾਨ ਨੂੰ ਗੁਲਦਸਤਾ ਭੇਂਟ ਕਰਕੇ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਹਰ ਹੱਕੀ ਸੰਘਰਸ਼ ਵਿਚ ਡੱਟ ਕੇ ਸਾਥ ਦੇਣ ਦੀ ਹਾਮੀ ਭਰੀ। ਇਸ ਮੌਕੇ ਮਨਜੀਤ ਸਿੰਘ ਘੁਲਦੂ, ਅੰਮ੍ਰਿਤ ਕੰਦੋਲਾ, ਗੁਰਪ੍ਰੀਤ ਸਿੰਘ ਭੋਗਲ, ਜਤਿਨ ਗੁਪਤਾ, ਰਮੇਸ਼ ਲਾਲ, ਸ਼ਾਮ ਲਾਲ ਅਰੋੜਾ, ਬਨਾਰਸੀ ਦਾਸ ਬੰਗੜ, ਚਰਨਜੀਤ ਸਿੰਘ ਸੈਣੀ, ਗੌਰਵ ਸਹਾਰਨ ਆਦਿ ਹਾਜਰ ਸਨ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਖਪਤਕਾਰਾਂ ਨੂੰ ਬਿਜਲੀ ਦੀ ਸਪਲਾਈ ਨਿਰਵਿਘਨ ਮੁਹੱਈਆ ਕਰਵਾਈ ਜਾ ਰਹੀ ਹੈ- ਇੰਜ: ਜਸਵਿੰਦਰ ਸਿੰਘ ਵਿਰਦੀ



ਗੁਰਦਾਸਪੁਰ-ਨਵਨੀਤ ਕੁਮਾਰ – ਇੰਜ: ਜਸਵਿੰਦਰ ਸਿੰਘ ਵਿਰਦੀ ਉਪ ਮੁੱਖ ਇੰਜੀਨੀਅਰ/ਸੰਚਾ: ਹਲਕਾ ਗੁਰਦਾਸਪੁਰ ਨੇ ਖਪਤਕਾਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਮਹਿਕਮਾਂ ਪਾਵਰਕਾਮ ਦੀਆਂ ਵੱਖ-ਵੱਖ ਮੁਲਾਜਿਮ ਜੱਥੇਬੰਦੀਆਂ ਵਲੋਂ ਆਪਣੀਆਂ ਕੁੱਝ ਮੰਗਾਂ ਨੂੰ ਲੈ ਕੇ 10 ਸਤੰਬਰ ਤੋਂ 13 ਸਤੰਬਰ ਤੱਕ ਸਮੂਹਿਕ ਛੁੱਟੀ/ਹੜਤਾਲ ਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਉਹਨਾਂ ਵਲੋਂ ਇਸ ਹੜਤਾਲ ਨੂੰ ਅੱਗੇ ਹੋਰ ਵਧਾ ਕੇ ਮਿਤੀ 17 ਸਤੰਬਰ 2024 ਤੱਕ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਸ ਕਾਰਨ ਇਸ ਹਲਕੇ ਨਾਲ ਸਬੰਧਤ 200/132/66/33 ਕੇਵੀ ਸਬ-ਸਟੇਸ਼ਨਾਂ ਵਿਖੇ ਮੁਲਾਜਿਮਾ ਦੇ ਕਾਫੀ ਗਿਣਤੀ ਘੱਟ ਗਈ ਹੈ। ਇਸ ਦੇ ਨਾਲ ਹੀ ਇਸ ਹਲਕੇ ਅਧੀਨ ਸਮੂਹ ਮੰਡਲ/ਉਪਮੰਡਲ ਦਫਤਰਾਂ ਵਿਖੇ ਵੀ ਕਰਮਚਾਰੀਆਂ ਵਲੋਂ ਹੜਤਾਲ ਤੇ ਜਾਣ ਕਰਕੇ ਦਫ਼ਤਰਾਂ ਵਿੱਚ ਹਾਜ਼ਰ ਕਰਮਚਾਰੀਆਂ ਦੀ ਗਿਣਤੀ ਨਾ ਦੇ ਬਰਾਬਰ ਹੀ ਰਹਿ ਗਈ ਹੈ। ਪਰ ਇਸ ਦੇ ਬਾਵਜੂਦ ਵੀ ਸਮੂਹ ਵਧੀਕ ਨਿਗਰਾਨ ਇੰਜੀਨੀਅਰ/ਉਪਮੰਡਲ ਅਫ਼ਸਰਾਂ, ਡਿਊਟੀ ਤੇ ਤੈਨਾਤ ਜੇ.ਈ. ਹੋਰ ਕਰਮਚਾਰੀਆਂ ਅਤੇ ਲੋਕਾਂ ਦੇ ਸਹਿਯੋਗ ਨਾਲ ਬਿਜਲੀ ਦੀ ਸਪਲਾਈ ਨਿਰਵਿਘਨ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਨਿਰਵਿਘਨ ਮੁਹੱਈਆ ਕਰਵਾਈ ਜਾਵੇਗੀ।

ਉਕਤ ਹੜਤਾਲ ਨੂੰ ਮੁੱਖ ਰੱਖਦਿਆਂ ਇੰਜ: ਜਸਵਿੰਦਰ ਸਿੰਘ ਵਿਰਦੀ ਉਪ ਮੁੱਖ ਇੰਜੀਨੀਅਰ/ਸੰਚਾ: ਹਲਕਾ ਗੁਰਦਾਸਪੁਰ ਵਲੋਂ ਸਮੂਹ ਬਿਜਲੀ ਖਪਤਕਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਹਨਾਂ ਨਾਜੁਕ ਹਾਲਾਤਾਂ ਦੌਰਾਨ ਮਹਿਕਮਾਂ ਪਾਵਰਕਾਮ ਨਾਲ ਸਹਿਯੋਗ ਕਰਨ।

# ਅੱਜ ਓ.ਪੀ.ਡੀ. ਰਹੀ ਪੂਰਾ ਦਿਨ ਬੰਦ , ਮੀਟਿੰਗ ਵਿੱਚ ਮੰਨਣ ਤੋ ਬਾਅਦ ਵੀ ਚਾਰ-ਚਾਰ ਕੈਬਿਨਟ ਮੰਤਰੀ ਨਹੀਂ ਦਵਾ ਸਕੇ ਲਿਖਿਤ ਕਾਰਵਾਈ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਅੱਜ ਸਰਕਾਰ ਵਲੋਂ ਗੱਲਾਂ ਕਰਕੇ ਲਿਖਿਤ ਵਿੱਚ ਨਾ ਦੇਣ ਕਾਰਨ ਡਾਕਟਰਾਂ ਦੀ ਹੜਤਾਲ ਜਾਰੀ ਰਹੀ, ਜਿਲੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਓ.ਪੀ.ਡੀ. ਰਹੀ ਪੂਰਾ ਦਿਨ ਬੰਦ। ਸਾਰੇ ਸਿਵਲ ਹਸਪਤਾਲ ਅਤੇ ਸਿਹਤ ਕੇਂਦਰ ਬੰਦ ਰਹੇ ਜਿਸ ਨਾਲ ਮਰੀਜਾਂ ਨੂੰ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਹੜਤਾਲੀ ਡਾਕਟਰਾਂ ਨੇ ਮਰੀਜਾਂ ਦੀ ਸੁਵਿਧਾ ਲਈ ਆਪਣੇ ਡਾਕਟਰਾਂ ਦੀ ਐਮਰਜੈਂਸੀ ਵਿੱਚ ਗਿਣਤੀ ਵਧਾਈ ਤਾਂ ਜੋਂ ਲੋਕਾਂ ਤੇ ਘੱਟ ਤੋਂ ਘੱਟ ਪ੍ਰਭਾਵ ਪਏ।

ਕੱਲ 3 ਕੈਬਨਿਟ ਮੰਤਰੀਆਂ ਦੀ ਸਬ-ਕਮੇਟੀ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਹੋਈ ਮੀਟਿੰਗ ਦੌਰਾਨ, ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਦੇ ਵਫ਼ਦ ਵਲੋਂ ਹੋਰ ਭਰਤੀ ਦੀ ਲੋੜ, ਸੁਰੱਖਿਆ ਪ੍ਰਬੰਧ ਅਤੇ ਰੋਕੀਆਂ ਗਈਆਂ ਤਰੱਕੀਆਂ (ਏ.ਸੀ.ਪੀ) ਦੀਆਂ ਮੰਗਾਂ ਨੂੰ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਸਹੀ ਦੱਸਦਿਆਂ ਜਾਇਜ਼ ਕਰਾਰ ਦਿੰਦਿਆਂ ਮੰਗਾਂ ਨੂੰ ਮੰਨ ਲਿਆ।ਏ.ਸੀ.ਪੀ ਦੇ ਮੁੱਦੇ ਤੇ ਵਿਸਥਾਰ ਨਾਲ ਚਰਚਾ ਵੀ ਕੀਤੀ ਗਈ।

ਐਸੋਸੀਏਸ਼ਨ ਦੇ ਮੁਖੀ ਡਾ ਅਖਿਲ ਸਰੀਨ ਨੇ ਕਿਹਾ ਕਿ ਵਿਭਾਗ ਤੇ ਤਾਂ ਪਹਿਲਾ ਹੀ ਕੋਈ ਵਿੱਤੀ ਬੋਝ ਨਹੀਂ, ਅਧੀਆ ਅਸਾਮੀਆਂ ਖਾਲੀ ਹਨ, ਤੇ ਸਾਡੇ ਡਾਕਟਰ ਦੁਗਣਾ ਕੰਮ ਕਰ ਰਹੇ ਤੇ ਸਰਕਾਰ ਓਹਨਾਂ ਦੀਆਂ ਹੀ ਤਰਕੀਆ ਰੋਕ, ਕੀ ਸਰਕਾਰੀ ਹਸਪਤਾਲਾਂ ਵਿੱਚੋਂ ਡਾਕਟਰਾਂ ਨੂੰ ਕੰਮ ਛਡਾ ਪ੍ਰਾਈਵੇਟਾਇਜ਼ੇਸ਼ਨ ਵਲ ਧਕੇਲ ਰਹੀ ਹੈ ? ਕੈਬਨਿਟ ਸਬ-ਕਮੇਟੀ ਨੇ ਮੰਗਾਂ ਨੂੰ ਜਾਇਜ਼ ਮੰਨਦਿਆਂ, ਸਿਧਾਂਤਕ ਤੌਰ ਤੇ, PCMS ਕਾਡਰ ਦੇ ਰੁਕੇ ਹੋਏ ACP ਨੂੰ ਬਹਾਲ ਕਰਨ ਲਈ ਸਰਬਸੰਮਤੀ ਨਾਲ ਬਿਨਾਂ ਸ਼ਰਤ ਸਹਿਮਤੀ ਦਿੱਤੀ। ਸਾਰੀਆਂ ਚਰਚਾਵਾਂ ਸਕਾਰਾਤਮਕ ਅਤੇ ਅਨੁਕੂਲ ਮਾਹੌਲ ਵਿੱਚ ਹੋਈਆਂ।

ਪੀ.ਸੀ.ਐਮ.ਐਸ.ਏ. ਨੇ ਕਿਹਾ ਕਿ ਸਾਡੀਆਂ ਮੰਗਾਂ ਪ੍ਰਤੀ ਸੁਹਿਰਦ ਅਤੇ ਜਵਾਬਦੇਹ ਹੋਣ ਲਈ ਸਬ-ਕਮੇਟੀ ਦੇ ਮੈਂਬਰਾਂ ਅਤੇ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦੀ ਹੈ। ਪਰ ਬੀਤੀ ਦੇਰ ਸ਼ਾਮ ਸਰਕਾਰ ਵੱਲੋਂ ਇਸ ਸਬੰਧੀ ਜਾਰੀ ਕੀਤੇ ਗਏ ਲਿਖਤੀ ਭਰੋਸੇ ਵਿੱਚ 3 ਮਹੀਨੇ ਲਟਕਾਉਣਾ ਸਹੀ ਨਹੀਂ। ਕੱਲ ਦੇਰ ਰਾਤ ਜਥੇਬੰਦੀ ਦੀ ਸਮੂਹ ਜ਼ਿਲ੍ਹਾ ਇਕਾਈਆਂ ਦੀ ਮੀਟਿੰਗ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ। ਸਾਰੇ ਜ਼ਿਲ੍ਹਾ ਮੁਖੀਆਂ ਨੇ ਇਸ ਗੱਲ ਨਾਲ ਸਹਿਮਤ ਹੁੰਦੇ ਹੋਏ ਕਿ "ਜਾਰੀ ਕੀਤੇ ਲਿਖਤੀ ਭਰੋਸੇ ਕੈਬਨਿਟ ਸਬ-ਕਮੇਟੀ ਦੀ ਮੀਟਿੰਗ ਵਿੱਚ ਹੋਈ ਗੱਲ ਦੇ ਅਨੁਕੂਲ ਨਹੀਂ ਹਨ, ਸਰਬਸੰਮਤੀ ਨਾਲ ਬੇਲੋੜੀ ਦੇਰੀ ਕਾਰਨ "ਅਸੰਤੁਸ਼ਟੀ" ਪ੍ਰਗਟ ਕੀਤੀ ਗਈ। ਨਾਂ ਤਾਂ ਰੋਕੀ ਗਈ ਤਰੱਕੀਆਂ ਦੀ ਬਹਾਲੀ ਅਤੇ ਨਾ ਹੀ ਸੁਰੱਖਿਆ ਦੇ ਪ੍ਰਬੰਧ ਜਮੀਨੀ ਪੱਧਰ ਤੇ ਲਾਗੂ ਹੋਏ ਹਨ। ਇਸ ਤੋਂ ਇਲਾਵਾ, ਇਸ ਪੱਤਰ ਵਿੱਚ ਇਹ ਜ਼ਿਕਰ ਹੀ ਨਹੀਂ ਕੀਤਾ ਗਿਆ ਕੇ ਕੈਬਨਿਟ ਸਬ-ਕਮੇਟੀ ਨੇ ਅਸਲ ਵਿੱਚ, ਸਿਧਾਂਤਕ ਤੌਰ ਤੇ, ਰੁਕੇ ਹੋਏ ਡੀਏਸੀਪੀਜ਼ ਦੀ ਬਹਾਲੀ ਨੂੰ ਮਨਜ਼ੂਰੀ ਦਿੱਤੀ ਹੈ।

ਜਥੇਬੰਦੀ ਨੇ ਸਮੂਹਕ ਤੌਰ ਤੇ ਕਿਹਾ ਕਿ DACP ਦੀ ਬਹਾਲੀ ਵਿੱਚ 3 ਮਹੀਨਿਆਂ ਦੀ ਬੇਲੋੜੀ ਦੇਰੀ "ਅਸਵੀਕਾਰਯੋਗ" ਹੈ, ਕਿਉਂਕਿ ਇਸ ਨੂੰ ਮੁੜ ਬਹਾਲ ਕਰਨ ਵਿੱਚ ਸਿਰਫ 2021 ਵਿੱਚ ਜਾਰੀ ਕੀਤੇ ਗਏ ਵਿੱਤ ਵਿਭਾਗ ਦੇ ਇੱਕ ਮਨਮਾਨੇ ਪੱਤਰ ਨੂੰ ਰੱਦ ਕਰਨਾ ਸ਼ਾਮਲ ਹੈ। ਓਹ ਕਰਕੇ ਸਰਕਾਰ ਦੇ ਦੇਵੇ, ਦੇਰੀ ਕਿਉਂ ?

PCMSA ਨੇ ਮੰਗ ਕੀਤੀ ਹੈ ਕਿ ACPs ਨੂੰ ਬਿਨਾਂ ਕਿਸੇ ਦੇਰੀ ਦੇ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ, ਅਗਲੀ ਮੀਟਿੰਗ ਲਈ 19 ਤਰੀਕ ਦੀ ਬਜਾਏ ਇਸ ਹਫ਼ਤੇ ਹੀ ਮੁੜ ਤਹਿ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਮੰਗਾਂ ਨੂੰ ਲੈ ਕੇ ਰੋਸ ਵਜੋਂ 13 ਸਤੰਬਰ ਨੂੰ ਵੀ ਓ.ਪੀ.ਡੀ ਪੂਰੇ ਸਮੇਂ ਲਈ ਬੰਦ ਰਹਿਣਗੀਆਂ

# ਜੀ.ਐਨ.ਏ. ਯੂਨੀਵਰਸਿਟੀ 'ਚ ਗੈਸਟ ਲੈਕਚਰ ਦੇ ਨਾਲ ਕਰਵਾਈ ਫਾਇਰਲੈਸ ਮਿਲਟ ਕੁਕਰੀ ਵਰਕਸ਼ਾਪ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਜੀ.ਐਨ.ਏ. ਯੂਨੀਵਰਸਿਟੀ ਦੇ ਚਾਂਸਲਰ ਸ. ਗੁਰਦੀਪ ਸਿੰਘ ਸੀਹਰਾ ਦੀ ਪ੍ਰੇਰਣਾ ਸਦਕਾ ਅਦਾਰੇ ਦੇ ਸਕੂਲ ਆਫ਼ ਹਾਸਪਿਟੈਲਿਟੀ ਅਤੇ ਸਕੂਲ ਆਫ਼ ਅਲਾਈਡ ਹੈਲਥ ਕੇਅਰ ਸਾਇੰਸਿਜ਼ ਵਲੋਂ ਸਿਹਤਮੰਦ ਅਤੇ ਵਧੇਰੇ ਟਿਕਾਊ ਖਾਣ-ਪੀਣ ਦੇ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ ਰਾਸ਼ਟਰੀ ਪੋਸ਼ਣ ਹਫ਼ਤਾ ਮਨਾਇਆ ਗਿਆ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਡਾ. ਜਸਲੀਨ ਕੌਰ ਸੀਹਰਾ ਨੇ ਯੂਨੀਵਰਸਿਟੀ ਦੇ ਅਕਾਦਮਿਕ ਆਗੂਆਂ ਪ੍ਰੋਫੈਸਰ. ਡਾ. ਹੇਮੰਤ ਸ਼ਰਮਾ ਵਾਈਸ ਚਾਂਸਲਰ, ਡਾ. ਮੋਨਿਕਾ ਹੰਸਪਾਲ ਡੀਨ ਅਕਾਦਮਿਕ, ਪ੍ਰੋਫੈਸਰ. ਡਾ. ਦੀਪਕ ਕੁਮਾਰ ਡੀਨ ਅਤੇ ਅਸਿਸਟੈਂਟ ਪ੍ਰੋਫੈਸਰ ਭਾਨੂ ਸਕੂਲ ਆਫ਼ ਹਾਸਪਿਟੈਲਿਟੀ ਅਤੇ ਸਕੂਲ ਆਫ ਅਲਾਈਡ ਹੈਲਥਕੇਅਰ ਦੇ ਸਹਿਯੋਗ ਨਾਲ ਕੀਤਾ। ਵਰਕਸ਼ਾਪ ਦੀ ਸ਼ੁਰੂਆਤ ਯੋਗ ਨਿਊਟ੍ਰੀਸ਼ਨ ਕੋਚ ਮੋਨਿਕਾ ਮਲਿਕ ਜੋ ਖੁਰਾਕ ਸਲਾਹ ਅਤੇ ਜਨਤਕ ਸਿਹਤ ਵਿੱਚ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ, ਉਹਨਾਂ ਵਲੋਂ ਐਨਰਜੀ ਡ੍ਰਿੰਕਸ : ਪੋਸ਼ਨ ਆਫ਼ ਇਲਿਊਜ਼ਨ ਵਿਸ਼ੇ 'ਤੇ ਗੈਸਟ ਲੈਕਚਰ ਨਾਲ ਹੋਈ। ਜਿਹਨਾਂ ਨੇ ਐਨਰਜੀ ਡਰਿੰਕ ਕੰਪਨੀਆਂ ਦੁਆਰਾ ਵਰਤੀਆਂ ਜਾਂਦੀਆਂ ਗੁਮਰਾਹ ਕਰਨ ਵਾਲੀਆਂ ਮਾਰਕੀਟਿੰਗ ਰਣਨੀਤੀਆਂ 'ਤੇ ਚਰਚਾ ਕੀਤੀ ਅਤੇ ਉਨ੍ਹਾਂ ਦੇ ਉਤਪਾਦ ਦੀ ਖਪਤ ਨਾਲ ਜੁੜੇ ਸੰਭਾਵੀ ਸਿਹਤ ਜੋਖਮਾਂ ਦਾ ਖੁਲਾਸਾ ਕੀਤਾ। ਡਾ. ਮੋਨਿਕਾ ਨੇ ਸੂਚਿਤ ਖੁਰਾਕ ਵਿਕਲਪਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਨਾਲ ਹੀ ਹਾਜ਼ਰੀਨ ਨੂੰ ਆਪਣੀਆਂ ਖਪਤ ਦੀਆਂ ਆਦਤਾਂ 'ਤੇ ਮੁੜ ਵਿਚਾਰ ਕਰਨ ਅਤੇ ਊਰਜਾ ਦੇ ਕੁਦਰਤੀ ਸਰੋਤਾਂ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਕੀਤਾ। ਗੈਸਟ ਲੈਕਚਰ ਤੋਂ ਬਾਅਦ, ਇਵੈਂਟ ਵਿੱਚ ਯੂ.ਆਈ.ਟੀ.ਐਚ.ਐਮ. ਚੰਡੀਗੜ੍ਹ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਸ਼ੈੱਫ ਸੌਰਭ ਖੁਰਾਣਾ ਦੀ ਅਗਵਾਈ ਵਿੱਚ ਫਾਇਰਲੈਸ ਮਿਲਟ ਮੈਜਿਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਸ਼ੈੱਫ ਖੁਰਾਣਾ ਨੇ ਦਿਖਾਇਆ ਕਿ ਕਿਵੇਂ ਰਵਾਇਤੀ ਪਕਾਉਣ ਦੇ ਤਰੀਕਿਆਂ ਤੋਂ ਬਿਨਾਂ ਫਾਇਰਲੈਸ ਪਕਵਾਨਾਂ ਦੀ ਇੱਕ ਕਿਸਮ ਤਿਆਰ ਕੀਤੀ ਜਾਂਦੀ ਹੈ, ਜਿਸ ਵਿੱਚ ਪਫਡ ਮਿਲਟ ਟਰੇਲ ਮਿਕਸ, ਮਿਲਟਸ ਸਲਾਦ, ਮਿਲਟ ਪੈਨਕੇਕ, ਮਿਲਟ ਬਰਾਊਨੀ, ਕਰੀਮ ਪਨੀਰ ਅਤੇ ਖੀਰੇ ਦੇ ਨਾਲ ਰਾਗੀ ਬਰੈੱਡ ਸੈਂਡਵਿਚ ਸ਼ਾਮਲ ਹਨ। ਵਰਕਸ਼ਾਪ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਲਾਹੇਵੰਦ ਸੀ, ਜਿਸ ਨੇ ਉਹਨਾਂ ਨੂੰ ਸਿਹਤਮੰਦ ਤੱਤਾਂ ਨੂੰ ਸ਼ਾਮਲ ਕਰਨ ਅਤੇ ਖਾਣ ਲਈ ਇੱਕ ਸੰਤੁਲਿਤ, ਟਿਕਾਊ ਖੁਰਾਕ ਲਈ ਉਤਸ਼ਾਹਿਤ ਕਰਨ ਦੇ ਰਚਨਾਤਮਕ ਤਰੀਕਿਆਂ ਬਾਰੇ ਜਾਣੂ ਕਰਵਾਇਆ। ਮਿਲਟ ਆਧਾਰਿਤ ਪਕਵਾਨਾਂ ਨੂੰ ਤਿਆਰ ਕਰਨ ਦੇ ਹੱਥੀਂ ਅਨੁਭਵ ਨੇ ਵਿਦਿਆਰਥੀਆਂ ਨੂੰ ਆਪਣੇ ਪੋਸ਼ਣ ਨੂੰ ਸੰਤੁਲਿਤ ਕਰਨ, ਸਿਹਤਮੰਦ ਭੋਜਨ ਨੂੰ ਵਧੇਰੇ ਪਹੁੰਚ ਯੋਗ ਅਤੇ ਅਨੰਦਦਾਇਕ ਬਣਾਉਣ ਲਈ ਸ਼ਕਤੀ ਪ੍ਰਦਾਨ ਕੀਤੀ। ਡਾ. ਜਸਲੀਨ ਕੌਰ ਸੀਹਰਾ ਸਮੇਤ ਡਾ. ਹੇਮੰਤ ਸ਼ਰਮਾ ਵਾਈਸ ਚਾਂਸਲਰ, ਡਾ. ਮੋਨਿਕਾ ਹੰਸਪਾਲ ਅਕਾਦਮਿਕ ਡੀਨ, ਡਾ. ਦੀਪਕ ਕੁਮਾਰ ਡੀਨ ਸਕੂਲ ਆਫ਼ ਹੋਸਪਿਟੈਲਿਟੀ ਨੇ ਇਸ ਵਰਕਸ਼ਾਪ ਨੂੰ ਵਿਦਿਆਰਥੀਆਂ ਲਈ ਬਹੁਤ ਹੀ ਲਾਹੇਵੰਦ ਦੱਸਿਆ ਅਤੇ ਕਿਹਾ ਕਿ ਅਜਿਹੇ ਆਯੋਜਨਾਂ ਲਈ ਯੂਨੀਵਰਸਿਟੀ ਹਮੇਸ਼ਾ ਸਹਿਯੋਗ ਕਰਦੀ ਰਹੇਗੀ

# ਗੁਰਦਾਸਪੁਰ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਹੈ ਵਿਸ਼ੇਸ਼ ਜਾਗਰੂਕਤਾ ਮੁਹਿੰਮ



ਗੁਰਦਾਸਪੁਰ-ਨਵਨੀਤ ਕੁਮਾਰ- ਐਸਐਸਪੀ ਗੁਰਦਾਸਪੁਰ ਸ਼੍ਰੀ ਹਰੀਸ਼ ਦਾਯਮਾ ਦੀ ਅਗਵਾਈ ਹੇਠ ਪੁਲਿਸ ਜਿਲਾ ਗੁਰਦਾਸਪੁਰ ਵਲੋਂ ਨਸ਼ਿਆ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਜਿਸਦੇ ਚੱਲਦਿਆਂ ਪੁਲਿਸ ਜਿਲਾ ਗੁਰਦਾਸਪੁਰ ਵਲੋਂ ਪੁਲਿਸ (ਇੰਚਾਰਜ ਨਾਰਕੋਟਿਕ ਸੈੱਲ) ਜੋ ਕਿ ਖੁਦ ਵੀ ਜੂਡੋ ਖਿਡਾਰੀ ਹਨ, ਵੱਲੋਂ ਬਟਾਲਾ ਰੋਡ, ਗੁਰਦਾਸਪੁਰ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਲੋਕਾਂ ਨੂੰ ਖੇਡਾਂ ਨਾਲ ਜੁੜਨ, ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਅਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਗੱਲ ਕਰਦਿਆਂ ਇੰਸਪੈਕਟਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਗੁਰਦਾਸਪੁਰ ਪੁਲਿਸ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਮਿਸ਼ਨ ਨਿਸ਼ਚੇ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਸਰਹੱਦੀ ਪਿੰਡਾਂ ਵਿੱਚ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਨੌਜਵਾਨ ਪੂਰੇ ਉਤਸ਼ਾਹ ਨੀਲ ਭਾਗ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨਸ਼ੇ ਦੀ ਗ੍ਰਿਫਤ ਚ ਆਏ ਵਿਅਕਤੀਆਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ, ਉੱਥੇ ਇਨ੍ਹਾਂ ਨੌਜਵਾਨਾਂ ਦੇ ਪੁਨਰਵਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਨ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਰਹੇਗੀ।


# ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਖਰੜ ਵਿਖੇ ਜਨਤਕ ਮਿਲਣੀ ਦੌਰਾਨ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ



ਖਰੜ, (ਕਾਲਾ ਸਿੰਘ ਸੈਣੀ ):-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਇਕਾਂ ਨੂੰ ਆਪੋ-ਆਪਣੇ ਹਲਕਿਆਂ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਦੇ ਸ਼ੁਰੂ ਕੀਤੇ ਉਪਰਾਲੇ ਦੇ ਤਹਿਤ ਖਰੜ ਹਲਕੇ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਸ਼੍ਰੀਮਤੀ ਅਨਮੋਲ ਗਗਨ ਮਾਨ ਨੇ ਅੱਜ ਖਰੜ ਦੇ ਰਾਮ ਭਵਨ ਵਿਖੇ ਜਨਤਕ ਮਿਲਣੀ ਕਰਕੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ। ਜਨਤਕ ਮਿਲਣੀ ਵਿੱਚ ਕੈਬਨਿਟ ਮੰਤਰੀ ਨੇ ਹਰੇਕ ਨਿਵਾਸੀ ਨੂੰ ਮਾਈਕ 'ਤੇ ਆਪਣੇ ਮੁੱਦੇ ਉਠਾਉਣ ਦੀ ਇਜਾਜ਼ਤ ਦਿੱਤੀ। ਇਸ ਦੌਰਾਨ ਸੀਵਰੇਜ, ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ, ਸੜਕਾਂ ਦੀ ਮੁਰੰਮਤ ਅਤੇ ਸਟਰੀਟ ਲਾਈਟਾਂ ਨਾਲ ਸਬੰਧਤ ਜ਼ਿਆਦਾਤਰ ਮੁੱਦਿਆਂ ਨੂੰ ਸਮਾਂਬੱਧ ਹੱਲ ਕਰਨ ਦੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸਨਿਕ ਅਤੇ ਨਗਰ ਕੌਂਸਲ ਅਧਿਕਾਰੀਆਂ ਨੂੰ ਸੌਂਪੀ ਗਈ। ਉਨਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨਾ ਸਾਡੀ ਮੁਢਲੀ ਡਿਊਟੀ ਹੈ। ਮੰਤਰੀ ਨੇ ਕਿਹਾ ਕਿ "ਸੇਵਾ ਸਮਾਗਮ"ਦੇ ਨਾਂ ਹੇਠ ਸ਼ੁਰੂ ਕੀਤਾ ਗਿਆ ਸ਼ਿਕਾਇਤ ਨਿਵਾਰਨ ਕੈਂਪ ਜਾਰੀ ਰਹੇਗਾ ਅਤੇ ਅਸੀਂ ਖਰੜ ਹਲਕੇ ਦੇ ਹਰ ਕੋਨੇ-ਕੋਨੇ ਤੱਕ ਪਹੁੰਚਾਂਗੇ ਉਨਾਂ ਨੇ ਈ.ਓ. ਰਵਨੀਤ ਸਿੰਘ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਨਸਬੰਦੀ ਮੁਹਿਮ ਕਾਰਗਰ ਢੰਗ ਨਾਲ ਯਕੀਨੀ ਬਣਾਈ ਜਾਵੇ। ਉਨਾਂ ਕਿਹਾ ਕਿ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸਰਵੇਖਣ ਕੀਤਾ ਜਾਵੇ ਅਤੇ ਉਸ ਅਨੁਸਾਰ ਯੋਗ ਟੀਮ ਨੂੰ ਲਿਆਂਦਾ ਜਾਵੇ। ਕਲੋਨਾਈਜ਼ਰਾਂ ਵੱਲੋਂ ਵਿਕਸਤ ਕੀਤੀਆਂ ਪ੍ਰਾਈਵੇਟ ਕਲੋਨੀਆਂ ਵਿੱਚ ਸੜਕਾਂ 'ਤੇ ਪਾਣੀ ਖੜਾ ਹੋਣ ਦੀਆਂ ਸ਼ਿਕਾਇਤਾਂ 'ਤੇ ਉਨਾਂ ਨੇ ਨਗਰ ਕੌਂਸਲ ਨੂੰ ਹਦਾਇਤ ਕੀਤੀ ਕਿ ਜਿਨਾਂ ਕਲੋਨਾਈਜ਼ਰਾਂ ਨੇ ਬਰਸਾਤੀ ਪਾਣੀ ਦੀ ਸੰਭਾਲ ਲਈ ਸਿਸਟਮ ਅਤੇ ਐਸ.ਟੀ.ਪੀ. ਨਹੀਂ ਬਣਾਏ, ਉਨਾਂ ਨੂੰ ਨੋਟਿਸ ਜਾਰੀ ਕਰਕੇ ਸਮੱਸਿਆ ਦਾ ਹੱਲ ਕੀਤਾ ਜਾਵੇ ।ਵਾਰਡ 3 ਤੋਂ 11 ਤੱਕ ਨਜਾਇਜ਼ ਕਬਜ਼ੇ ਹੇਠ ਆਏ ਨਾਲੇ ਕਾਰਨ ਵੱਖ-ਵੱਖ ਵਾਰਡਾਂ ਵਿੱਚ ਗੰਦੇ ਪਾਣੀ ਅਤੇ ਬਰਸਾਤੀ ਪਾਣੀ ਗਲੀਆਂ ਵਿੱਚ ਖੜਾ ਹੋਣ ਦੀ ਸਮੱਸਿਆ 'ਤੇ ਕਈ ਮੁਹੱਲਾ ਨਿਵਾਸੀਆਂ ਵੱਲੋਂ ਉਠਾਏ ਗਏ ਮੁੱਦੇ 'ਤੇ ਮੰਤਰੀ ਨੇ ਐਸ.ਡੀ.ਐਮ ਗੁਰਮੰਦਰ ਸਿੰਘ ਨੂੰ ਨਾਲੇ ਦੇ ਖੇਤਰ ਦੀ ਨਿਸ਼ਾਨਦੇਹੀ ਕਰਨ ਦੇ ਆਦੇਸ਼ ਦਿੱਤੇ ਤਾਂ ਕਿ ਕਬਜ਼ਿਆਂ ਦੀ ਸ਼ਨਾਖ਼ਤ ਕੀਤੀ ਜਾ ਸਕੇ। ਸੜਕਾਂ ਦੀ ਮੁਰੰਮਤ ਅਤੇ ਬਰਸਾਤੀ ਪਾਣੀ ਦੇ ਢੁਕਵੇਂ ਨਿਪਟਾਰੇ ਨਾਲ ਸਬੰਧਤ ਮੁੱਦਿਆਂ ਦੇ ਜਵਾਬ ਵਿੱਚ ਉਨਾਂ ਕਿਹਾ ਕਿ ਐਨ.ਐਚ.ਏ.ਆਈ. ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਦਾ ਨਿਰੀਖਣ ਅਤੇ ਹੱਲ ਕਰਨ ਦੇ ਨਿਰਦੇਸ਼ ਦਿੱਤੇ ਜਾਣਗੇ। ਉਨਾਂ ਕਿਹਾ ਕਿ ਖਰੜ ਹਲਕੇ ਵਿੱਚ 200 ਕਰੋੜ ਰੁਪਏ ਦੀ ਲਾਗਤ ਵਾਲੇ ਚਾਰ ਸੀਵਰੇਜ ਪ੍ਰੋਜੈਕਟਾਂ ਤੋਂ ਇਲਾਵਾ ਕਜੌਲੀ ਤੋਂ ਖਰੜ ਅਤੇ ਕੁਰਾਲੀ ਤੱਕ 200 ਕਰੋੜ ਰੁਪਏ ਦੇ ਨਹਿਰੀ ਪਾਣੀ ਦੇ ਪ੍ਰੋਜੈਕਟ ਪਾਸ ਕੀਤੇ ਗਏ ਹਨ, ਉਨਾਂ ਨੇ ਇਲਾਕਾ ਵਾਸੀਆਂ ਨੂੰ ਸਾਰੇ ਪ੍ਰੋਜੈਕਟ ਸਮੇਂ ਸਿਰ ਮੁਕੰਮਲ ਕਰਨ ਦਾ ਭਰੋਸਾ ਦਿੱਤਾ। ਛੱਜੂ ਮਾਜਰਾ ਵਾਸੀਆਂ ਦੀ ਮੰਗ 'ਤੇ ਉਨਾਂ ਨੇ ਸਟਰੀਟ ਲਾਈਟਾਂ, ਪੀਣ ਵਾਲੇ ਪਾਣੀ ਦੇ ਟਿਊਬਵੈੱਲ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਮੰਨਣ ਨਾਲ ਸਹਿਮਤ ਹੋਣ ਤੋਂ ਇਲਾਵਾ ਸੰਤੇਮਾਜਰਾ ਨੂੰ ਜਾਂਦੀ ਸੜਕ,ਮੱਛੀ ਮੰਡੀ ਦਾ ਮਸਲਾ ਵੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਉਨਾਂ ਨੇ ਨਿੱਝਰ ਚੌਕ ਤੋਂ ਛੱਜੂ ਮਾਜਰਾ ਰੋਡ 'ਤੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਕੰਮ ਮੌਨਸੂਨ ਸੀਜ਼ਨ ਖ਼ਤਮ ਹੋਣ 'ਤੇ ਤੁਰੰਤ ਪ੍ਰਭਾਵ ਨਾਲ ਸ਼ੁਰੂ ਕਰਨ ਦੇ ਹੁਕਮ ਦਿੱਤੇ। ਐਸ.ਡੀ.ਐਮ. ਗੁਰਮੰਦਰ ਸਿੰਘ, ਡੀ.ਐਸ.ਪੀ. ਕਰਨ ਸੰਧੂ, ਕਾਰਜਕਾਰੀ ਇੰਜਨੀਅਰ ਵਿਨੈ ਮਹਾਜਨ (ਸਥਾਨਕ ਸਰਕਾਰਾਂ), ਸ੍ਰੀ ਕਿਸ਼ੋਰ (ਜਲ ਸਪਲਾਈ ਤੇ ਸੈਨੀਟੇਸ਼ਨ), ਈ.ਓ. ਰਵਨੀਤ ਸਿੰਘ ਅਤੇ ਹੋਰ ਅਧਿਕਾਰੀ ਸ਼ਾਮਲ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਅੱਤਵਾਦ ਪੀੜਤ ਵਿਦਿਆਰਥੀਆਂ ਲਈ ਐਮ.ਬੀ.ਬੀ.ਐਸ ਦੀਆਂ ਚਾਰ ਸੀਟਾਂ ਰਾਖਵੀਆਂ - ਡਿਪਟੀ ਕਮਿਸ਼ਨਰ



ਨਵਾਂਸ਼ਹਿਰ, ਰਮੇਸ਼ ਸ਼ਰਮਾ/ਮਨਪ੍ਰੀਤ ਵਾਸੂ

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਵਿੱਦਿਅਕ ਸੈਸ਼ਨ 2024-25 ਦੌਰਾਨ ਵੱਖ-ਵੱਖ ਮੈਡੀਕਲ ਕਾਲਜਾਂ/ਸੰਸਥਾਵਾਂ ਵਿਚ ਕੇਂਦਰੀ ਪੂਲ ਰਾਹੀਂ ਐਮ.ਬੀ.ਬੀ.ਐਸ ਦੀਆਂ 4 ਸੀਟਾਂ ਅੱਤਵਾਦ ਪ੍ਰਭਾਵਿਤ ਆਮ ਨਾਗਰਿਕਾਂ ਦੀ ਸ਼੍ਰੇਣੀ ਵਿਚੋਂ ਭਰਨ ਲਈ ਨਿਰਧਾਰਿਤ ਕੀਤੀਆਂ ਗਈਆਂ ਹਨ, ਜੋ ਅੱਤਵਾਦ ਕਾਰਨ ਫ਼ੌਤ/ਦਿਵਿਆਂਗ ਹੋ ਚੁੱਕੇ ਨਾਗਰਿਕਾਂ ਦੇ ਜੀਵਨ ਸਾਥੀ ਜਾਂ ਬੱਚੇ ਹਨ।

ਉਨ੍ਹਾਂ ਦੱਸਿਆ ਕਿ ਏ.ਐਨ ਮਗਧ ਮੈਡੀਕਲ ਕਾਲਜ, ਗਯਾ (ਬਿਹਾਰ) ਅਤੇ ਗ੍ਰਾਂਟ ਮੈਡੀਕਲ ਕਾਲਜ, ਮੁੰਬਈ (ਮਹਾਰਾਸ਼ਟਰ) ਵਿਚ ਇਕ-ਇਕ ਸੀਟ ਜਦਕਿ ਪੰਡਿਤ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ, ਰਾਏਪੁਰ (ਛੱਤੀਸਗੜ੍ਹ) ਵਿਚ ਇਸ ਵਰਗ ਲਈ ਦੋ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ।

ਚਾਹਵਾਨ ਵਿਦਿਆਰਥੀ ਅੱਤਵਾਦ ਦਾ ਸ਼ਿਕਾਰ ਜਾਂ ਅੱਤਵਾਦ ਦੌਰਾਨ ਅਪੰਗ ਹੋਏ ਵਿਅਕਤੀ ਦਾ ਜੀਵਨ ਸਾਥੀ ਜਾਂ ਬੱਚੇ ਹੋਣੇ ਚਾਹੀਦੇ ਹਨ। ਪੰਜਾਬ ਦੇ ਯੋਗ ਵਿਦਿਆਰਥੀ ਵੀ ਇਨ੍ਹਾਂ ਸੀਟਾਂ ਲਈ ਅਪਲਾਈ ਕਰਕੇ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੀਟਾਂ ਲਈ ਯੋਗਤਾ ਦੇ ਮਾਪਦੰਡਾਂ ਤਹਿਤ ਉਮੀਦਵਾਰ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਉਸ ਦੀ ਉਮਰ ਦਾਖ਼ਲੇ ਸਮੇਂ 17 ਸਾਲ ਹੋਵੇ ਜਾਂ ਉਹ ਅੰਡਰਗਰੈਜੂਏਟ ਮੈਡੀਕਲ ਕੋਰਸ ਵਿਚ ਦਾਖ਼ਲੇ ਦੇ ਪਹਿਲੇ ਸਾਲ ਵਿਚ 31 ਦਸੰਬਰ ਨੂੰ ਜਾਂ ਇਸ ਤੋਂ ਪਹਿਲਾਂ ਇਹ ਉਮਰ ਪੂਰੀ ਕਰਦਾ ਹੋਵੇ।

ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਤੇ ਫਾਰਮ ਮੰਤਰਾਲੇ ਦੀ ਵੈੱਬਸਾਈਟ (https://mha.gov.in) ਤੋਂ ਡਾਊਨਲੋਡ ਕਰਕੇ ਹੋਰ ਜਾਣਕਾਰੀ ਅਤੇ ਸ਼ਰਤਾਂ ਵੇਖੀਆਂ ਜਾ ਸਕਦੀਆਂ ਹਨ।

# ਰਜਿਸਟ੍ਰੇਸ਼ਨ ਦੇ ਦਸਤਾਂਵੇਜ਼ਾਂ ਤੇ ਨੰਬਰਦਾਰ ਆਪਣੇ ਪਿੰਡ ਜਾਂ ਸ਼ਹਿਰ ਦੀ ਹੀ ਤਸਦੀਕ ਕਰਨ: ਨਵਪ੍ਰੀਤ ਸਿੰਘ ਸ਼ੇਰਗਿੱਲ



ਖਰੜ, ( ਕਾਲਾ ਸਿੰਘ ਸੈਣੀ ):-ਸਬ ਰਜਿਸਟਰਾਰ ਖਰੜ ਦੇ ਦਫਤਰ ਵਿਚ ਜੋ ਵੀ ਮਾਲ ਵਿਭਾਗ ਨਾਲ ਸਬੰਧਤ ਰਜਿਸਟ੍ਰੇਸ਼ਨ ਨਾਲ ਸਬੰਧਤ ਦਸਤਾਂਵੇਜ਼ ਤਸਦੀਕ ਹੁੰਦੇ ਹਨ ਉਨਾਂ ਤੇ ਪਿੰਡਾਂ ਅਤੇ ਸ਼ਹਿਰਾਂ ਦੇ ਨੰਬਰਦਾਰ ਆਪਣੇ ਪਿੰਡ ਅਤੇ ਸ਼ਹਿਰ ਦੇ ਬੈਨਾਮਾ ਤਸਦੀਕ ਕਰਵਾਉਣ ਲਈ ਰਜਿਸਟਰੀ ਤੇ ਗਵਾਹੀ ਪਾਉਣ ਅਤੇ ਦੂਸਰੇ ਖੇਤਰ ਦੇ ਬੈਨਾਮੇ ਰਜਿਸਟਰੀ ਤੇ ਆਪਣੀ ਗਵਾਹੀ ਨਾ ਪਾਉਣ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸਬ ਰਜਿਸਟਰਾਰ-ਕਮ-ਤਹਿਸੀਲਦਾਰ ਖਰੜ ਨਵਪ੍ਰੀਤ ਸਿੰਘ ਸ਼ੇਰਗਿੱਲ ਨੇ ਨੰਬਰਦਾਰਾਂ ਨਾਲ ਮੀਟਿੰਗ ਕਰਨ ਉਪਰੰਤ ਸਾਂਝੇ ਕੀਤੇ। ਉਨਾਂ ਕਿਹਾ ਕਿ ਮਾਲ ਵਿਭਾਗ ਨਾਲ ਰਜਿਸਟ੍ਰੇਸ਼ਨ ਦੇ ਕੰਮਾਂ ਦੇ ਨੰਬਰਦਾਰ ਦੀ ਗਵਾਹੀ ਅਤੇ ਕੁਰਸੀਨਾਮੇ ਤੇ ਤਸਦੀਕ ਅਹਿਮ ਹੁੰਦੀ ਹੈ,ਕੁਰਸੀਨਾਮਾ ਅਤੇ ਬੈਨਾਮਾ,ਰਜਿਸਟ੍ਰੇਸ਼ਨ ਦੇ ਕੰਮਾਂ ਤੇ ਤਸਦੀਕ ਕਰਨ ਦੀ ਜਿੰਮੇਵਾਰੀ ਨੰਬਰਦਾਰ ਦੀ ਬਣ ਜਾਂਦੀ ਹੈ। ਉਨਾਂ ਇਹ ਵੀ ਕਿਹਾ ਕਿ ਉਹ ਤਸਦੀਕ ਕਰਨ ਸਮੇਂ ਚੰਗੀ ਤਰਾਂ ਘੋਖ ਕਰਨ। ਤਹਿਸੀਲ ਨੰਬਰਦਾਰਾ ਯੂਨੀਅਨ ਖਰੜ ਦੇ ਪ੍ਰਧਾਨ ਗੁਰਦੇਵ ਸਿੰਘ ਲੇਘਾ ਨੇ ਵੀ ਮੀਟਿੰਗ ਵਿਚ ਮੰਗ ਕੀਤੀ ਸੀ ਕਿ ਜਿਹੜੇ ਪਿੰਡ ਜਾਂ ਸ਼ਹਿਰ ਦਾ ਰਜਿਸਟ੍ਰੇਸਨ ਦਾ ਕੰਮ ਹੋਣਾ ਹੈ ਉਸੇ ਪਿੰਡ ਜਾਂ ਸ਼ਹਿਰ ਦਾ ਨੰਬਰਦਾਰ ਤਸਦੀਕ ਕਰਵਾਏ। ਉਨਾਂ ਦਸਿਆ ਕਿ ਨੰਬਰਦਾਰਾ ਯੂਨੀਅਨ ਦੇ ਦਫਤਰ ਵਿਚ ਨੰਬਰਦਾਰਾ ਝੰਡਾ ਕਾਫੀ ਖਸਤਾ ਹੋ ਚੁੱਕਿਆ ਸੀ ਉਹ ਅੱਜ ਨਵਾਂ ਚੜਾਇਆ ਗਿਆ ਹੈ।ਮੀਟਿੰਗ ਦੌਰਾਨ ਹੋਰ ਕਈ ਨੰਬਰਦਾਰਾਂ ਨੇ ਤਹਿਸੀਲਦਾਰ ਦੇ ਧਿਆਨ ਵਿਚ ਲਿਆਂਦਾ ਕਿ ਰਜਿਸਟਰੀ ਲਿਖਣ ਵਾਲੇ ਦਾ ਨਾਂ ਵੀ ਬੈਨਾਮੇ ਤੇ ਲਿਖਵਾਇਆ ਜਾਵੇ ਅਤੇ ਬੈਨਾਮਾ ਲਿਖਣ ਵਾਲਾ ਰਜਿਸਟਰੀ ਟਾਈਪ ਕਰਕੇ ਐਡਵੋਕੇਟ ਤੋਂ ਡਰਾਫਟ ਕਰਵਾ ਕੇ ਅੰਦਰ ਭੇਜ ਦਿੰਦਾ ਹੈ ਜਿਸ ਕਰਕੇ ਇਹ ਪਤਾ ਨਹੀਂ ਲੱਗਦਾ ਕਿ ਰਜਿਸਟਰੀ ਜਾਂ ਰਜਿਸਟ੍ਰੇਸ਼ਨ ਦੇ ਕੰਮ ਸਬੰਧੀ ਕਿਸ ਨੇ ਲਿਖਿਆ ਅਤੇ ਕਈ ਥਾਵਾਂ ਤੇ ਪਿੰਡਾਂ ਦੇ ਸਾਬਕਾ ਸਰਪੰਚ ਵੀ ਗਵਾਹੀ ਪਾ ਕੇ ਰਜਿਸਟ੍ਰੇਸ਼ਨ ਦਾ ਕਰਾਉਦੇ ਹਨ ਅਤੇ ਕੁਰਸੀਨਾਮਾ ਤਸਦੀਕ ਕਰਵਾਉਣ ਲਈ ਉਹ ਨੰਬਰਦਾਰ ਦੀ ਤਸਦੀਕ ਕਰਵਾਉਣ ਲਈ ਆਉਦੇ ਹਨ। ਤਹਿਸੀਲਦਾਰ ਨੇ ਭਰੋਸਾ ਦਿਵਾਇਆ ਕਿ ਅੱਗੋ ਅਜਿਹਾ ਨਹੀ ਹੋਵੇਗਾ ਅਤੇ ਉਹ ਤਹਿਸੀਲ ਕੰਪਲੈਕਸ ਵਿਚ ਕੰਮ ਕਰਦੇ ਸਮੂਹ ਅਸ਼ਟਾਮ ਫਰੋਸ, ਐਡਵੋਕੇਟਸ, ਵਸੀਕਾ ਨਵੀਸ, ਟਾਈਪਿਸਟਾਂ ਨਾਲ ਵੀ ਮੀਟਿੰਗ ਕਰਨਗੇ। ਇਸ ਮੌਕੇ ਜਸਵਿੰਦਰ ਸਿੰਘ ਰੁੜਕੀ ਖਾਮ, ਅਵਤਾਰ ਸਿੰਘ ਜੰਡਪੁਰ, ਗੁਰਸ਼ਰਨ ਸਿੰਘ, ਗੁਰਿੰਦਪਰਪਾਲ ਸਿੰਘ ਖਾਨਪੁਰ, ਜਗੀਰ ਸਿੰਘ ਦਾਊਮਾਜਰਾ, ਕਰਨੈਲ ਸਿੰਘ, ਪ੍ਰੀਤਮ ਸਿੰਘ ਜੱਕੜਮਾਜਰਾ,ਬਲਜੀਤ ਸਿੰਘ ਸੈਣੀ ਝੂੰਗੀਆਂ, ਹਰਪ੍ਰੀਤ ਸਿੰਘ ਥਿੰਦ, ਸਚਿਨ ਰਾਣਾ, ਕੁਰਾਲੀ, ਕੁਲਵਿੰਦਰ ਸਿੰਘ ਖੂਨੀਮਾਜਰਾ, ਹਰਮਿੰਦਰ ਸਿੰਘ ਝੂੰਗੀਆਂ, ਮਨਜੀਤ ਸਿੰਘ ਜੱਗਾ, ਕੁਲਦੀਪ ਸਿੰਘ ਭਾਗੂਮਾਜਰਾ, ਮਨਿੰਦਰ ਸਿੰਘ ਸਹੌੜਾਂ ਸਮੇਤ ਹੋਰ ਨੰਬਰਦਾਰ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਕਿਲਾ ਰਹਿਮਤਗੜ੍ਹ ਦੇ ਵਿਦਿਆਰਥੀ ਰਾਜ ਪੱਧਰ ਤੇ ਕਰਾਟਿਆਂ ਦੇ ਮੁਕਾਬਲਿਆਂ ਲਈ ਚੁਣੇ ਗਏ



ਮਾਲੇਰਕੋਟਲਾ (ਕਿਮੀ ਅਰੋੜਾ ਅਸਲਮ ਨਾਜ਼): ਸਥਾਨ ਸੀਤਾ ਗ੍ਰਾਮਰ ਸਕੂਲ ਵਿੱਚ ਹੋਏ ਕਰਾਟੇ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ, ਕਿਲ੍ਹਾ ਰਹਿਮਤਗੜ੍ਹ ਦੇ ਦੋ ਵਿਦਿਆਰਥੀ ਰਾਜ ਪੱਧਰ ਤੇ ਖੇਡਣ ਲਈ ਚੁਣੇ ਗਏ ਹਨ। ਅੰਡਰ-17 ਵਰਗ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਚੁਣੇ ਗਏ ਵਿਦਿਆਰਥੀਆਂ ਦੇ ਨਾਮ ਮੁਬੀਨ ਪੁੱਤਰੀ ਮੁਹੰਮਦ ਹਨੀਫ਼ (ਜਮਾਤ 9ਵੀਂ) ਅਤੇ ਅਨਹਾ ਪੁੱਤਰੀ ਅਬਦੁਲ ਰਸ਼ੀਦ (ਜਮਾਤ 12ਵੀਂ) ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਲਈ ਤਿਆਰ ਕਰਨ ਵਿੱਚ ਸਕੂਲ ਅਧਿਆਪਕ ਅਤੇ ਸਕੂਲ ਪ੍ਰਬੰਧਕੀ ਕਮੇਟੀ ਮੈਂਬਰਾਂ ਹਾਸ਼ਮ ਅਲੀ, ਅਲਜਮਾ ਖ਼ਾਨ, ਮੁਹੰਮਦ ਇਲਯਾਸ ਅਤੇ ਬਬਲੀ ਮੈਡਮ ਦਾ ਅਹਿਮ ਯੋਗਦਾਨ ਰਿਹਾ ਹੈ। ਕਮੇਟੀ ਮੈਂਬਰ ਮੁਹੰਮਦ ਇਲਯਾਸ ਖ਼ੁਦ ਖਿਡਾਰੀਆਂ ਨੂੰ ਵੱਖ ਵੱਖ ਖੇਡਾਂ ਲਈ ਕੋਚਿੰਗ ਦੇ ਰਹੇ ਹਨ।ਸਕੂਲ ਦੇ ਮਾਨਯੋਗ ਪ੍ਰਿੰਸੀਪਲ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਸਟਾਫ਼ ਨੂੰ ਵਧਾਈਆਂ ਦਿੰਦਿਆਂ ਕਿਹਾ ਹੈ ਕਿ ਸਕੂਲ ਪ੍ਰਬੰਧਕੀ ਕਮੇਟੀ ਦੀ ਅਗਵਾਈ ਵਿੱਚ ਸਕੂਲ ਲਗਾਤਾਰ ਤਰੱਕੀ ਕਰ ਰਿਹਾ ਹੈ। ਵਿਦਿਆਰਥੀ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿੱਚ ਚੰਗਾ ਯੋਗਦਾਨ ਦਿਖਾਉਂਦੇ ਆ ਰਹੇ ਹਨ। ਯਾਦ ਰਹੇ ਕਿ ਇਸ ਤੋਂ ਪਹਿਲਾਂ ਕਿੱਕ ਬੌਕਸ ਵਿੱਚ ਵੀ 11 ਵਿਦਿਆਰਥੀ ਰਾਜ ਪੱਧਰ ਤੇ ਖੇਡਣ ਲਈ ਚੁਣੇ ਗਏ ਸਨ।

# ਐਸ.ਐਸ.ਪੀ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੀਸ ਕਮੇਟੀ ਦੀ ਮੀਟਿੰਗ ਦਾ ਆਯੋਜਨ



ਮਲੇਰਕੋਟਲਾ :(ਕਿਮੀ ਅਰੋੜਾ)

ਜ਼ਿਲ੍ਹੇ ਵਿੱਚ ਸਮਾਜ ਵਿਰੋਧੀ ਤੱਤਾਂ ਨੂੰ ਸਖ਼ਤ ਸੰਦੇਸ਼ ਦੇਣ ਅਤੇ ਲੋਕਾਂ ਦਾ ਕਾਨੂੰਨ ਤੇ ਵਿਵਸਥਾ ਵਿੱਚ ਭਰੋਸਾ ਬਰਕਰਾਰ ਰੱਖਣ ਲਈ ਜ਼ਿਲ੍ਹਾ ਪੱਧਰੀ ਅਮਨ (ਪੀਸ) ਕਮੇਟੀ ਦੀ ਮੀਟਿੰਗ ਸਥਾਨਕ ਮਾਲੇਰਕੋਟਲਾ ਪੁਲਿਸ ਦਫ਼ਤਰ ਵਿਖੇ ਜ਼ਿਲ੍ਹਾ ਪੁਲਿਸ ਮੁੱਖੀ ਗਗਨ ਅਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਇੱਕਜੁੱਟ ਹੋ ਕੇ ਸਰਬੱਤ ਦੇ ਭਲੇ ਦਾ ਸੰਦੇਸ਼ ਦੇਣਾ ਚਾਹੀਦਾ ਹੈ ਅਤੇ ਜ਼ਿਲ੍ਹੇ ਵਿੱਚ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਨਵੇਂ ਉਪਰਾਲੇ ਕਰਨ ਦੀ ਲੋੜ ਹੈ।ਉਨ੍ਹਾ ਕਿਹਾ ਕਿ ਜ਼ਿਲ੍ਹੇ ਵਿੱਚ ਲੋਕਾਂ ਦੇ ਸਹਿਯੋਗ ਸਦਕਾ ਹਮੇਸ਼ਾਂ ਸ਼ਾਂਤੀ ਦਾ ਮਾਹੌਲ ਰਿਹਾ ਹੈ। ਉਨ੍ਹਾਂ ਮੀਟਿੰਗ ਦੌਰਾਨ ਜ਼ਿਲ੍ਹੇ ਅੰਦਰ ਅਮਨ-ਸ਼ਾਂਤੀ ਬਰਕਰਾਰ ਰੱਖਣ ਲਈ ਲੋਕਾਂ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ।ਜ਼ਿਲ੍ਹਾ ਪੁਲਿਸ ਮੁੱਖੀ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਪ੍ਰਸ਼ਾਸ਼ਨ ਵੱਲੋਂ ਜ਼ਿਲ੍ਹੇ ਦੇ ਲੋਕਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ ਅਤੇ ਜੇਕਰ ਕਿਸੇ ਨੂੰ ਕੋਈ ਦਿੱਕਤ ਦਰਪੇਸ਼ ਆਉਂਦੀ ਹੈ ਜਾਂ ਕੋਈ ਸ਼ਰਾਰਤੀ ਅਨਸਰ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ ਕਰਦਾ ਹੈ ਤਾਂ ਤੁਰੰਤ ਪੁਲਿਸ ਪ੍ਰਸ਼ਾਨ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਉਨ੍ਹਾਂ ਦੱਸਿਆ ਕਿ ਇਸ ਜ਼ਿਲ੍ਹਾ ਪੀਸ ਕਮੇਟੀ ਵਿੱਚ ਹਰ ਧਰਮ ਅਤੇ ਹਰ ਵਰਗ ਦੇ ਲੋਕਾਂ ਨੂੰ ਲਿਆ ਗਿਆ ਹੈ,

ਤਾਂ ਜੋ ਉਨ੍ਹਾਂ ਦੇ ਮਹੱਤਵਪੂਰਨ ਸੁਝਾਅ ਲਏ ਜਾ ਸਕਣ।ਇਸ ਮੌਕੇ ਐਸ.ਪੀ.ਸ੍ਰੀਮਤੀ ਸਵਰਨਜੀਤ ਕੌਰ,ਡੀ.ਐਸ.ਪੀ. ਸ੍ਰੀ ਰਣਜੀਤ ਸਿੰਘ,ਡੀ.ਐਸ.ਪੀ.ਕੁਲਦੀਪ ਸਿੰਘ,ਮੁਫਤੀ ਏ ਆਜ਼ਮ ਪੀ.ਬੀ ਇਰਤਕਾ ਉਲ ਹਸਨ ਕਾਂਧਲਵੀ (ਪੰਜਾਬ ਸਰਕਾਰ ਮੁਫਤੀ),ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਾਕਿਬ ਅਲੀ ਰਾਜਾ,ਸਕੱਤਰ ਘੱਟ ਗਿਣਤੀ ਵਿੰਗ ਆਜ਼ਮ ਦਾਰਾ, ਪ੍ਰਧਾਨ ਘੱਟ ਗਿਣਤੀ ਦਲ ਜਾਫਰ ਅਲੀ, ਸ਼ਹਿਬਾਜ਼ ਰਾਣਾ ,ਮੌਲਾਨਾ ਅਬਦੁਲ ਸਤਾਰ ਇਮਾਮ ਜਾਮਾ ਮਸਜਿਦ,ਸਾਬਿਰ ਹੁਸੈਨ ਸੀਆ ਮੁਸਲਿਮ ਆਗੂ, ਡਾ.ਨਾਸਿਰ ,ਮੁਹੰਮਦ ਇਰਸ਼ਾਦ , ਨਦੀਮ ਅਨਵਰ ਖਾਨ, ਸ਼ਮਸ਼ਾਦ ਅੰਸਾਰੀ, ਖੁਸ਼ੀ ਮੁਹੰਮਦ ਪੱਲੇਦਾਰ, ਪ੍ਰੋ. ਮੁਹੰਮਦ ਰਫੀ, ਚੌਧਰੀ ਬਸ਼ੀਰ ਮੁਹੰਮਦ ਅਖਤਰ ਤੋਂ ਇਲਾਵਾ ਹੋਰ ਪੀਸ ਕਮੇਟੀ ਦੇ ਮੈਂਬਰ ਅਤੇ ਉੱਚ ਅਧਿਕਾਰੀ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਸਬਰ 'ਤੇ ਸੰਤੋਖ ਨਾਲ ਮਿਹਨਤ ਕਰਨ ਦਾ ਸੁਨੇਹਾ ਗੀਤ 'ਸਬਰ':ਗੁਰਮਨ ਗਿੱਲ




ਖਰੜ, ( ਕਾਲਾ ਸਿੰਘ ਸੈਣੀ )- ਗੀਤ,ਸੰਗੀਤ ਦੇ ਖੇਤਰ 'ਚ ਅਮਿੱਟ ਪੈੜਾ ਪਾ ਰਹੀ ਕੇ ਬੀ ਸੰਗੀਤਕ ਕੰਪਨੀ ਅਤੇ ਕੁਲਵਿੰਦਰ ਬਿੱਟੀ ਵਲੋਂ ਗਾਇਕ ਮੇਜਰ ਮੱਟੂ ਦਾ ਸ਼ਿੰਗਲ ਟਰੈਕ ਗੀਤ 'ਸਬਰ' ਰਿਲੀਜ਼ ਕੀਤਾ ਗਿਆ। ਗੀਤ ਰਿਲੀਜ਼ ਕਰਨ ਸਮੇਂ ਗਾਇਕ ਮੇਜਰ ਮੱਟੂ ਅਤੇ ਵੀਡੀਓ ਡਾਇਰੈਕਟਰ ਗੁਰਮਨ ਗਿੱਲ ਨੇ ਦੱਸਿਆ ਕਿ ਇਹ ਗੀਤ ਮੇਜਰ ਮੱਟੂ ਨੇ ਆਪਣੀ ਕਲਮ ਦਾ ਸ਼ਿੰਗਾਰ ਹੈ। ਉਨਾਂ ਦੱਸਿਆ ਕਿ ਰੱਬ ਤੇ ਭਰੋਸਾ ਰੱਖਣ ਵਾਲੇ ਮਿਹਨਤੀ ਲੋਕਾਂ ਦੀ ਕਹਾਣੀ ਨੂੰ ਬਿਆਨ ਕਰਦੇ ਇਸ ਗੀਤ ਨੂੰ ਸੰਗੀਤਕ ਧੁੰਨਾਂ 'ਚ ਕਰਨ ਪ੍ਰਿੰਸ ਨੇ ਪਰੋਇਆ ਹੈ। ਗੀਤ ਦੇ ਨਿਰਮਾਤਾ ਕੁਲਵਿੰਦਰ ਬਿੱਟੀ ਹੈ। ਇਸ ਮੌਕੇ ਕੁਲਵਿੰਦਰ ਬਿੱਟੀ ਨੇ ਦੱਸਿਆ ਕਿ ਗੀਤ ਦਾ ਵੀਡੀਓ ਵੀਡੀਓ ਡਾਇਰੈਕਟਰ ਗੁਰਮਨ ਗਿੱਲ ਵਲੋਂ ਤਿਆਰ ਕੀਤਾ ਗਿਆ ਹੈ। ਪ੍ਰੋਜੈਕਟ ਹੈਡ ਦੀ ਜ਼ਿੰਮੇਵਾਰੀ ਜਸਬੀਰ ਗਿੱਲ ਨੇ ਬਾਖ਼ੂਬੀ ਨਿਭਾਈ ਹੈ। ਗੀਤ ਦੇ ਸਹਿ ਡਾਇਰੈਕਟਰ ਚਿਰਾਗ ਗਿੱਲ ਹੈ। ਗੀਤ 'ਚ ਕਲਾ ਜਗਤ ਦੇ ਨਾਮਵਰ ਕਲਾਕਾਰਾਂ ਨੇ ਕੰਮ ਸ਼ਾਨਦਾਰ ਕੰਮ ਕੀਤਾ ਹੈ। ਉਨਾਂ ਕਿਹਾ ਕਿ ਗੀਤ ਦੀ ਸਫਲਤਾ 'ਤੇ ਸਮੂਹ ਟੀਮ ਨੂੰ ਬੇਹੱਦ ਉਮੀਦਾ ਹਨ। ਇਸ ਮੌਕੇ ਜਸਬੀਰ ਗਿੱਲ,ਅਦਾਕਾਰਾ ਸਿਰਜਨਾ,ਕੁਲਵਿੰਦਰ ਬਿੱਟੀ,ਗਾਇਕ ਮੇਜਰ ਮੱਟੂ,ਗੁਰਮਨ ਗਿੱਲ,ਕਾਲਾ ਸੈਣੀ ਅਤੇ ਚਿਰਾਗ ਗਿੱਲ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਭਗਵੰਤ ਮਾਨ ਸਰਕਾਰ ਦੇ ਹੱਥ ਮਜਬੂਤ ਕਰਨ ਲੋਕ - ਜੋਗਿੰਦਰ ਸਿੰਘ ਮਾਨ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਫਗਵਾੜਾ ਦੇ ਪਿੰਡ ਪਾਂਛਟ ਸਥਿਤ ਮਾਡਲ ਟਾਊਨ ਦੇ ਕਰੀਬ 50 ਪਰਿਵਾਰਾਂ ਨੇ ਵੱਖ ਵੱਖ ਰਿਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿੰਦੇ ਹੋਏ ਭਾਗ ਰਾਮ ਅਤੇ ਉਹਨਾਂ ਦੇ ਸਾਥੀਆਂ ਦੇ ਉਪਰਾਲੇ ਸਦਕਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਜਿਸ ਨਾਲ ਪਿੰਡ ਪਾਂਸ਼ਟਾ 'ਚ ਆਪ ਪਾਰਟੀ ਨੂੰ ਕਾਫੀ ਮਜਬੂਤੀ ਮਿਲੀ। ਆਪ ਪਾਰਟੀ ਵਿਚ ਸ਼ਾਮਲ ਹੋਏ ਪਰਿਵਾਰਾਂ ਦਾ ਸਵਾਗਤ ਪਾਰਟੀ ਦੇ ਵਿਧਾਨਸਭਾ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ ਕੀਤਾ ਗਿਆ। ਮਾਨ ਨੇ ਸਮੂਹ ਪਰਿਵਾਰਾਂ ਨੂੰ ਆਪ ਪਾਰਟੀ ਵਿਚ ਸ਼ਾਮਲ ਕਰਵਾਉਣ ਸਮੇਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਜਾ ਰਹੇ ਸ਼ਲਾਘਾਯੋਗ ਉਪਰਾਲਿਆਂ ਸਦਕਾ ਪਾਰਟੀ ਦਾ ਪਰਿਵਾਰ ਲਗਾਤਾਰ ਵੱਧ ਰਿਹਾ ਹੈ। ਸਾਰੀਆਂ ਹੀ ਰਵਾਇਤੀ ਪਾਰਟੀਆਂ ਦੇ ਅਹੁਦੇਦਾਰ ਅਤੇ ਮੈਂਬਰ ਅੱਜ ਆਪ ਪਾਰਟੀ ਦਾ ਲੜ ਫੜਨ ਲਈ ਉਤਾਵਲੇ ਹਨ। ਉਹਨਾਂ ਕਿਹਾ ਕਿ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਇਹ ਜਰੂਰੀ ਹੈ ਕਿ ਵੱਧ ਤੋਂ ਵੱਧ ਲੋਕ ਆਪ ਪਾਰਟੀ ਵਿਚ ਸ਼ਾਮਲ ਹੋ ਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੀ ਸਰਕਾਰ ਦੇ ਹੱਥ ਮਜਬੂਤ ਕਰਨ। ਇਸ ਦੌਰਾਨ ਉਹਨਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਨਵੀਂ ਪੰਚਾਇਤ ਦਾ ਗਠਨ ਸਰਬ ਸੰਮਤੀ ਨਾਲ ਕਰਨ ਲਈ ਆਮ ਸਹਿਮਤੀ ਬਣਾਈ ਜਾਵੇ ਤਾਂ ਜੋ ਪੰਜਾਬ ਸਰਕਾਰ ਵਲੋਂ ਕੀਤੇ ਐਲਾਨ ਅਨੁਸਾਰ ਪਿੰਡ ਦੇ ਵਿਕਾਸ ਨੂੰ ਤਰਜੀਹ ਅਤੇ ਗਰਾਂਟ ਪ੍ਰਾਪਤ ਹੋ ਸਕੇ। ਇਸ ਮੌਕੇ ਕਮਲ ਦੇਵ, ਮੇਹਰ ਚੰਦ, ਰਾਮਜੀ ਦਾਸ, ਸੰਤੋਖ ਸਿੰਘ ਫੌਜੀ, ਪ੍ਰਿੰਸੀਪਲ ਰਾਮ ਕਿਸ਼ਨ, ਹਰਜਿੰਦਰ ਕੁਮਾਰ, ਰਾਮਪਾਲ, ਚਮਨ ਲਾਲ, ਸ਼ਾਦੀ ਲਾਲ, ਜੋਗਿੰਦਰ ਪਾਲ, ਮਨਦੀਪ ਕੌਰ, ਅਵਤਾਰ ਕੌਰ, ਕੌਸ਼ਲਿਆ ਦੇਵੀ, ਜੋਗਿੰਦਰ ਕੌਰ, ਮੁਖਤਿਆਰ ਸਿੰਘ ਆਦਿ ਹਾਜਰ ਸਨ

# ਹੁਣ ਮੱਚੂ ਹਾਹਾਕਾਰ, ਬਿਜਲੀ ਗਈ ਤਾਂ ਨਹੀਂ ਆਉਣੀ

## ਬਿਜਲੀ ਕਾਮੇ 5 ਦਿਨ ਦੀ ਹੋਰ ਸਮੂਹਿਕ ਛੁੱਟੀ ਤੇ ਗਏ, ਕੱਚੇ ਕਾਮੇਂ ਵੀ ਰਾਤ 12 ਵਜੇ ਛੱਡ ਦੇਣਗੇ ਔਜ਼ਾਰ

ਰੋਜ਼ਾਨਾ ਲੋਕ ਬਾਣੀ
www.lokbani



ਲੁਧਿਆਣਾ ( ਸੁਖਚੈਨ ਮਹਿਰਾ) ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੀ ਦੋਵਾਂ ਕਨਵੀਨਰਾਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਚ ਚੱਲ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਵੱਡੇ ਫੈਸਲੇ ਲਏ ਗਏ। ਜਿਸ ਸਬੰਧੀ ਜਾਣਕਾਰੀ ਦੇਣ ਲਈ ਦੋਵਾਂ ਕਨਵੀਨਰਾਂ ਅਤੇ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਢਿੱਲੋਂ ਵੱਲੋਂ ਲੁਧਿਆਣਾ ਚ ਸੂਬਾ ਪੱਧਰੀ ਪ੍ਰੈਸ ਕਾਨਫਰੰਸ ਰੱਖੀ ਗਈ ਸੀ ਜਿਸਦੀ ਭਿਣਕ ਲੱਗਦਿਆਂ ਬਿਜਲੀ ਮੰਤਰੀ ਨੇ ਚੰਡੀਗੜ੍ਹ ਚ ਮੀਟਿੰਗ ਦਾ ਸੱਦਾ ਦਿੱਤਾ। ਉਨ੍ਹਾਂ ਦੀ ਗੈਰਮੌਜੂਦਗੀ ਚ ਲੁਧਿਆਣਾ ਚ ਮੀਡੀਆ ਦਾ ਕੰਮ ਦੇਖ ਰਹੇ ਗੁਰਪ੍ਰੀਤ ਸਿੰਘ ਮਹਿਦੂਦਾਂ ਵੱਲੋਂ ਆਯੋਜਿਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਢਿੱਲੋਂ, ਸੂਬਾਈ ਆਗੂ ਐਡੀਸ਼ਨਲ ਐਸਡੀਓ ਰਘਵੀਰ ਸਿੰਘ, ਰਛਪਾਲ ਸਿੰਘ ਪਾਲੀ ਅਤੇ ਪੈਨਸਰਜ ਯੂਨੀਅਨ ਦੇ ਕੇਵਲ ਸਿੰਘ ਬਨਵੈਤ ਨੇ ਮੈਨੇਜਮੈਂਟ ਵੱਲੋਂ ਬਿਜਲੀ ਮੁਲਾਜ਼ਮਾਂ ਦੀਆਂ ਮੰਨੀਆ ਹੋਈਆਂ ਜਾਇਜ਼ ਅਤੇ ਹੱਕੀ ਮੰਗਾਂ ਦਾ ਹੱਲ ਕਰਨ ਦੀ ਬਜਾਏ ਗੈਰ ਜ਼ਮਹੂਰੀ, ਤਾਨਾਸ਼ਾਹੀ ਅਤੇ ਟ੍ਰੇਡ ਯੂਨੀਅਨ ਅਧਿਕਾਰਾਂ ਉੱਪਰ ਹਮਲੇ ਕਰਦੇ ਹੋਏ ਤਰ੍ਹਾਂ-ਤਰ੍ਹਾਂ ਦੇ ਵਰਤੇ ਜਾ ਰਹੇ ਹੱਥਕੰਡਿਆਂ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਕਿਹਾ ਕਿ ਮੇਨੈਜਮੈਂਟ ਵੱਲੋਂ ਬਿਜਲੀ ਕਰਮਚਾਰੀਆਂ ਅੰਦਰ ਡਰ ਅਤੇ ਭੈਅ ਪੈਦਾ ਕਰਨ ਲਈ ਅਤੇ ਅਣ ਅਧਿਕਾਰਤ ਕਾਰਵਾਈਆਂ ਕਰਦੇ ਹੋਏ ਅਣ ਅਧਿਕਾਰਿਤ ਕਰਮਚਾਰੀਆਂ/ ਅਧਿਕਾਰੀਆਂ ਸਮੇਤ ਮਹਿਲਾਵਾਂ (ਜਿਵੇਂ ਕਿ ਕਲੈਰੀਕਲ, ਦਰਜਾ ਚਾਰ, ਅਕਾਊਂਟਸ, ਏ ਐਮ (ਆਈ ਟੀ), ਪੇਸਕੋ ਕਾਮਿਆਂ ਆਦਿ) ਦੀ ਗਰਿੱਡ ਸਬ ਸਟੇਸ਼ਨਾਂ ਉੱਪਰ ਡਿਊਟੀ ਲਗਾਈ ਜਾ ਰਹੀ ਹੈ। ਬਿਜਲੀ ਨਿਗਮ ਦੀ ਇਹ ਨੀਤੀ ਬਿਜਲੀ ਵਰਗੇ ਜੋਖਿਮ ਨਾਲ ਜੁੜੇ ਅਦਾਰੇ ਦੇ ਨਿਯਮਾਂ ਅਤੇ ਕਾਨੂੰਨਾਂ ਦੀ ਅਵੱਗਿਆ ਹੈ। ਇਸ ਸੱਭ ਨੂੰ ਦੇਖਦੇ ਹੋਏ ਜੱਥੇਬੰਦੀ ਦੇ ਆਗੂਆਂ ਵੱਲੋਂ 13-09-24 ਤੋਂ 17-09-24 ਤੱਕ (5 ਦਿਨ) ਸਮੂਹਿਕ ਛੁੱਟੀ ਨੂੰ ਹੋਰ ਵਧਾ ਦਿੱਤਾ ਗਿਆ ਹੈ ਤੇ ਸਾਰੇ ਬਿਜਲੀ ਕਾਮੇ ਮੰਡਲ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਨਗੇ। 17-09-24 ਨੂੰ ਹੈਡ ਆਫਿਸ ਪਟਿਆਲਾ ਅੱਗੇ ਸੂਬਾ ਪੱਧਰੀ ਰੋਸ ਧਰਨਾ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਵਰਕ ਟੂ ਰੂਲ ਦਾ ਪ੍ਰੋਗਰਾਮ ਪਹਿਲਾਂ ਵਾਂਗ ਜਾਰੀ ਰਹੇਗਾ। ਫੀਲਡ ਦੌਰੇ ਦੌਰਾਨ ਬਿਜਲੀ ਮੰਤਰੀ ਸਮੇਤ ਬਿਜਲੀ ਨਿਗਮ ਦੀ ਮੈਨੇਜਮੈਂਟ ਨੂੰ ਕਾਲੇ ਝੰਡੇ ਦਿਖਾਏ ਜਾਣਗੇ। ਉਨ੍ਹਾਂ ਏਹ ਵੀ ਦੱਸਿਆ ਕਿਸਾਨ ਯੂਨੀਅਨਾਂ ਤੋਂ ਬਾਅਦ ਸਾਨੂੰ ਪਟਵਾਰ ਯੂਨੀਅਨ ਦਾ ਵੀ ਸਮੱਰਥਨ ਮਿਲਿਆ ਹੈ। ਆਗੂਆਂ ਨੇ ਦੱਸਿਆ ਕਿ ਸਾਡੀ ਪਹਿਲੀ ਮੁੱਖ ਮੰਗ ਮ੍ਰਿਤਕ ਬਿਜਲੀ ਕਾਮੇ ਦੇ ਪਰਿਵਾਰ ਲਈ 1 ਕਰੋੜ ਦੀ ਆਰਥਿਕ ਸਹਾਇਤਾ ਅਤੇ ਜਖਮੀਂ ਹੋਣ ਦੀ ਹਾਲਤ ਚ ਕੈਸ ਲੈੱਸ ਇਲਾਜ ਦੀ ਮੰਗ ਤਾਂ ਪੱਕੇ ਕਾਮਿਆਂ ਦੇ ਨਾਲ ਨਾਲ ਕੱਚੇ ਕਾਮਿਆਂ ਨਾਲ ਵੀ ਜੁੜੀ ਹੈ। ਇਸਤੋਂ ਇਲਾਵਾ ਕੱਚੇ ਕਾਮਿਆਂ ਨੂੰ ਪੱਕਾ ਕਰਨ ਦੀ ਮੰਗ ਵੀ ਕੱਚੇ ਕਾਮਿਆਂ ਨਾਲ ਜੁੜੀ ਹੈ। ਜਿਸਨੂੰ ਦੇਖਦੇ ਹੋਏ ਕੱਚੇ ਕਾਮਿਆਂ ਦੀ ਯੂਨੀਅਨਾਂ ਵੀ ਇਸ ਸੰਘਰਸ਼ ਚ ਪਹਿਲਾਂ ਹੀ ਭਾਗੀਦਾਰੀ ਸਨ ਪਰ ਅੱਜ ਰਾਤ 12 ਵਜੇ ਤੋਂ ਉਹ ਔਜ਼ਾਰ ਛੋੜ ਹੜਤਾਲ ਚ ਸ਼ਾਮਿਲ ਹੋ ਜਾਣਗੇ।

ਰਣਜੀਤ ਸਿੰਘ ਢਿੱਲੋਂ, ਸੂਬਾਈ ਆਗੂ ਐਡੀਸ਼ਨਲ ਐਸਡੀਓ ਰਘਵੀਰ ਸਿੰਘ ਅਤੇ ਰਛਪਾਲ ਸਿੰਘ ਪਾਲੀ ਨੇ ਲੋਕਾਂ ਨੂੰ ਆ ਰਹੀਆਂ ਪ੍ਰੇਸ਼ਾਨੀਆ ਲਈ ਮੁਆਫੀ ਵੀ ਮੰਗੀ ਗਈ ਅਤੇ ਉਨ੍ਹਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਇਸਦਾ ਦੋਸ਼ੀ ਪੰਜਾਬ ਸਰਕਾਰ, ਬਿਜਲੀ ਮੰਤਰੀ ਤੇ ਬਿਜਲੀ ਨਿਗਮ ਦੀ ਮੇਨੈਜਮੈਂਟ ਨੂੰ ਦੱਸਿਆ। ਪੈਨਸਰਜ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ ਨੇ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਗੁਰਪ੍ਰੀਤ ਸਿੰਘ ਮਹਿਦੂਦਾਂ, ਸੁਰਜੀਤ ਸਿੰਘ, ਸੋਬਨ ਸਿੰਘ, ਦੀਪਕ ਕੁਮਾਰ, ਹਿਰਦੈ ਰਾਮ, ਵਰੁਣ ਭਾਟੀਆ, ਓਮੇਸ਼ ਕੁਮਾਰ, ਗੱਬਰ ਸਿੰਘ, ਧਰਮਿੰਦਰ, ਧਰਮਪਾਲ, ਰਘਵੀਰ ਸਿੰਘ, ਮੁਨੀਸ਼ ਬੱਬਰ, ਕੇਵਲ ਸਿੰਘ ਅਕਾਸ਼ਦੀਪ, ਸੁਖਦੇਵ ਸਿੰਘ, ਦਾਨ ਬਹਾਦਰ, ਨਰਿੰਦਰ ਸਿੰਘ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਸ਼ੰਮੀ, ਲਖਵੀਰ ਸਿੰਘ, ਅਮਿਤ ਕੁਮਾਰ, ਸੁਰਜੀਤ ਸਿੰਘ ਗਾਬਾ, ਗੌਰਵ ਕੁਮਾਰ, ਬਲਰਾਜ ਸਿੰਘ, ਪਵਨ ਕੁਮਾਰ, ਬਲਜੀਤ ਸਿੰਘ ਅਤੇ ਹੋਰ ਹਾਜਰ ਸਨ।

# ਕਾਨਪੁਰ ਕਾਰਡੀਓਲਾਜੀ ਦੇ ਮਰੀਜ਼ ਇਲਾਜ ਦੇ ਨਾਂ ਤੇ ਠੀਕ ਹੋਣ ਤੋਂ ਪਰੇਸ਼ਾਨ: ਟੀਮ ਨੀਰਜ ਚਰਚਾ ਚ

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਲਕਸ਼ਮੀਪਤ ਸਿੰਘਾਨੀਆ ਦਿਲ ਦੇ ਰੋਗ ਸੰਸਥਾਨ ਅੱਜਕੱਲ੍ਹ ਡਾਕਟਰਾਂ ਦੇ ਨਿਸ਼ਾਨੇ ਤੇ ਹੈ ਜੋ ਕਿਸੇ ਵੀ ਕੀਮਤ ਤੇ ਆਪਣੇ ਵਿੱਤੀ ਹਿੱਤਾਂ ਦੀ ਪੂਰਤੀ ਕਰਨਾ ਚਾਹੁੰਦੇ ਹਨ।

ਸੂਤਰਾਂ ਦੀ ਮੰਨੀਏ ਤਾਂ ਕੁਝ ਡਾਕਟਰਾਂ ਨੇ ਕਾਰਡੀਓਲੋਜੀ ਦੀਆਂ ਸੇਵਾਵਾਂ ਦੇ ਨਾਂ ਤੇ ਇਕ ਸੰਗਠਿਤ ਗਿਰੋਹ ਬਣਾ ਲਿਆ ਹੈ। ਇਸ ਦੀ ਅਗਵਾਈ ਡਾ: ਨੀਰਜ ਕੁਮਾਰ ਦੇ ਹੱਥਾਂ ਵਿਚ ਦੱਸੀ ਜਾਂਦੀ ਹੈ, ਜੋ ਭ੍ਰਿਸ਼ਟਾਚਾਰ ਦੀਆਂ ਵੱਖ-ਵੱਖ ਚਾਲਾਂ ਰਾਹੀਂ ਕਾਰਡੀਓਲੋਜੀ ਰਾਹੀਂ ਕੀਤੀ ਵੱਡੀ ਕਮਾਈ ਦੇ ਨਤੀਜੇ ਵਜੋਂ ਕਰੋੜਾਂ ਦੀ ਚੱਲ, ਅਚੱਲ ਅਤੇ ਬੇਨਾਮੀ ਜਾਇਦਾਦਾਂ ਦੇ ਮਾਲਕ ਬਣਨ ਵਿਚ ਕਾਮਯਾਬ ਹੋ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚੱਲਣ ਲਈ ਡਾ: ਅਨਿਲ ਕੁਮਾਰ ਅਤੇ ਸਹਾਇਕ ਪ੍ਰੋਫੈਸਰ ਡਾ: ਸੰਦੀਪ ਗੌਤਮ ਦੇ ਨਾਂਅ ਵੀ ਚਰਚਾ ਚ ਹਨ ।

ਜੇਕਰ ਕਾਰਡੀਓਲੋਜੀ ਨਾਲ ਸਬੰਧਤ ਭਰੋਸੇਯੋਗ ਸੂਤਰਾਂ ਦੀ ਮੰਨੀਏ ਤਾਂ ਡਾ

ਪਹਿਲਾਂ ਮਰੀਜ਼ ਨੂੰ ਕਿਸੇ ਨਾ ਕਿਸੇ ਬਹਾਨੇ ਆਪਣੇ ਜਾਲ ਵਿੱਚ ਫਸਾ ਲਿਆ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਲਾਲਚ ਦੇ ਕੇ ਵੱਧ ਤੋਂ ਵੱਧ ਆਮਦਨ ਕਮਾਉਣ ਦਾ ਮਨਸੂਬਾ ਪੂਰਾ ਕੀਤਾ ਜਾਂਦਾ ਹੈ। ਇਸ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾਂਦੇ ਹਨ, ਜਿਸ ਲਈ ਮੁੱਖ ਮੰਤਰੀ ਨੇ ਸਰਕਾਰ ਅਤੇ ਅਕਸ ਦੇ ਹਿੱਤ ਵਿੱਚ ਕਾਰਡੀਅਕ ਸਰਜਨ ਡਾ: ਨੀਰਜ ਕੁਮਾਰ, ਡਾ: ਅਨਿਲ ਕੁਮਾਰ ਅਤੇ ਅਸਿਸਟੈਂਟ




ਪ੍ਰੋਫੈਸਰ ਡਾ: ਸੰਦੀਪ ਗੌਤਮ ਵਿਰੁੱਧ ਜਾਂਚ ਅਤੇ ਪ੍ਰਭਾਵਸ਼ਾਲੀ ਕਾਰਵਾਈ ਦੀ ਮੰਗ ਵੀ ਕੀਤੀ ਹੈ। ਕਾਰਡੀਓਲੋਜੀ ਅਤੇ ਮਰੀਜ਼ਾਂ ਦਾ ਯੋਗੀ ਆਦਿਤਿਆਨਾਥ ਨਾਲ ਕੀਤਾ ਗਿਆ ਹੈ।

ਪੀੜਤ ਮਰੀਜ਼ਾਂ, ਸੇਵਾਦਾਰਾਂ ਅਤੇ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਾਰਡੀਅਕ ਸਰਜਨ ਡਾ: ਨੀਰਜ ਕੁਮਾਰ ਵੱਲੋਂ ਵਿੱਤੀ ਹਿੱਤਾਂ ਦੀ ਪੂਰਤੀ ਦੇ ਇਰਾਦੇ ਨਾਲ ਕੀਤੇ ਹੁਕਮਾਂ, ਹਦਾਇਤਾਂ ਅਤੇ ਨਿਯਮਾਂ ਦੇ ਉਲਟ ਆਚਰਣ ਨਾ ਸਿਰਫ਼ ਕਾਰਡੀਓਲਾਜੀ ਦੇ ਮਰੀਜ਼ਾਂ ਦੀ ਜਾਨ ਨੂੰ ਖਤਰੇ ਵਿੱਚ ਪਾ ਰਿਹਾ ਹੈ, ਸਗੋਂ ਇਸ ਕਾਰਨ ਨਾ ਸਿਰਫ ਕਾਰਡੀਓਲੋਜੀ ਬਲਕਿ ਯੂਪੀ ਸਰਕਾਰ ਦੀ ਵੀ ਅਕਸ ਖਰਾਬ ਹੋ ਰਹੀ ਹੈ, ਜਿਸ ਦਾ ਅਸਲ ਕਾਰਨ ਕਾਰਡੀਅਕ ਸਰਜਨ ਹਨ।

ਡਾ: ਨੀਰਜ ਕੁਮਾਰ ਕਾਨਪੁਰ ਕਾਰਡੀਓਲੋਜੀ ਚ ਨਿਯਮਾਂ ਅਤੇ ਹੁਕਮਾਂ ਦੇ ਉਲਟ ਆਪ੍ਰੇਸ਼ਨ ਦੇ ਨਾਂ ਤੇ ਨਾਜਾਇਜ਼ ਲੁੱਟ, ਲਏ ਪੈਸਿਆਂ ਦੀ ਰਸੀਦ ਨਾ ਦੇਣ, ਪ੍ਰਾਈਵੇਟ ਪ੍ਰੈਕਟਿਸ ਕਰਨ, ਹੁਕਮਾਂ, ਹਦਾਇਤਾਂ ਅਤੇ ਨਿਯਮਾਂ ਦੇ ਉਲਟ ਓ.ਪੀ.ਡੀ ਚਲਾਉਣ ਸਮੇਤ ਅੱਧੀ ਦਰਜਨ ਦੇ ਕਰੀਬ ਗੈਰ-ਰਜਿਸਟਰਡ ਮਹਿਲਾ ਟੈਕਨੀਸ਼ੀਅਨ ਦੀ ਵਰਤੋਂ ਕਰਨਾ ਮਰੀਜ਼ਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ।

ਕਾਰਡੀਓਲਾਜੀ ਦੇ ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ ਉਕਤ ਗੈਰ-ਰਜਿਸਟਰਡ ਮਹਿਲਾ ਟੈਕਨੀਸ਼ੀਅਨਾਂ ਚੋਂ ਕਈ ਆਪਣੀਆਂ ਵਿਛੜੀਆਂ ਪਤਨੀਆਂ ਦੀ ਗੈਰ-ਮੌਜੂਦਗੀ ਚ ਉਨ੍ਹਾਂ ਦੇ ਨਿੱਜੀ ਘਰ ਚ ਆਉਣ-ਜਾਣ ਲਈ ਮਜਬੂਰ ਹੋ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਪਤਨੀਆਂ ਇਕੱਠੇ ਰਹਿਣ ਦੀ ਬਜਾਏ ਵੱਖ-ਵੱਖ ਰਹਿਣ ਲਈ ਮਜਬੂਰ ਹਨ। ਇਸ ਕਾਰਨ ਡਾ: ਨੀਰਜ ਕੁਮਾਰ ਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਸਾਰੀਆਂ ਅਣ-ਰਜਿਸਟਰਡ ਮਹਿਲਾ ਟੈਕਨੀਸ਼ੀਅਨਾਂ ਦਾ ਕੀ ਕਰਨਾ ਹੈ, ਜਿਸ ਕਾਰਨ ਉਹ ਡਰੇ, ਤਣਾਅ ਅਤੇ ਚੁੱਪ ਆਦਿ ਰਹਿੰਦੀਆਂ ਹਨ, ਜਿਸ ਨਾਲ ਕਿਸੇ ਗੰਭੀਰ ਮਾਮਲੇ ਵਿਚ ਕਾਰਡੀਓਲੋਜੀ ਅਤੇ ਸਰਕਾਰ ਦੀ ਬਦਨਾਮੀ ਵੀ ਹੋ ਸਕਦੀ ਹੈ। ਭਵਿੱਖ ਵਿੱਚ ਘਟਨਾ ਹੋ ਸਕਦੀ ਹੈ।

ਭਰੋਸੇਯੋਗ ਸੂਤਰਾਂ ਦਾ ਇਹ ਵੀ ਦਾਅਵਾ ਹੈ ਕਿ ਐਤਵਾਰ ਆਦਿ ਛੁੱਟੀਆਂ ਵਾਲੇ ਦਿਨ ਸੀਨੀਅਰ ਸਪੈਸ਼ਲਿਸਟਾਂ ਦੀ ਗੈਰ-ਹਾਜ਼ਰੀ ਦਾ ਫਾਇਦਾ ਉਠਾ ਕੇ ਉਹ ਮਰੀਜ਼ਾਂ ਨੂੰ ਆਪਣੇ ਨਿੱਜੀ ਕਲੀਨਿਕਾਂ ਤੇ ਬੁਲਾਉਂਦੇ ਹਨ, ਕਾਰਡੀਓਲੋਜੀ ਦੀ ਬਜਾਏ ਦਿੱਲੀ ਸਮੇਤ ਹੋਰ ਹਸਪਤਾਲਾਂ ਚ ਰੈਫਰ ਕਰਦੇ ਹਨ ਅਤੇ ਵੱਧ ਤੋਂ ਵੱਧ ਕਮਿਸ਼ਨ ਦੇ ਲਾਲਚ ਚ ਮਰੀਜ਼ਾਂ ਨੂੰ ਖੱਜਲ-ਖੁਆਰ ਕਰਦੇ ਹਨ। ਆਪਣੇ ਜੀਜਾ ਅਮਿਤ ਕੁਮਾਰ ਦੀ ਕੰਪਨੀ ਸਿਨਸ ਮੇਡ ਫਾਰਮਾ ਨੂੰ ਦਵਾਈਆਂ ਆਦਿ ਖਰੀਦਣ ਲਈ ਮਜਬੂਰ ਕਰਨਾ ਵੀ ਡਾਕਟਰ ਨੀਰਜ ਕੁਮਾਰ ਦੇ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਖਤਰਨਾਕ ਇਰਾਦਿਆਂ ਨੂੰ ਸਪੱਸ਼ਟ ਕਰਦਾ ਹੈ।

ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਕਾਰਡੀਅਕ ਸਰਜਨ ਡਾ: ਨੀਰਜ ਕੁਮਾਰ ਇਲਾਜ, ਅਪਰੇਸ਼ਨਾਂ ਆਦਿ ਦੇ ਨਾਂ ਤੇ ਵੱਖ-ਵੱਖ ਗੈਰ-ਕਾਨੂੰਨੀ ਚਾਲਾਂ ਰਾਹੀਂ ਆਪਣੀ ਆਮਦਨ ਤੋਂ ਲੱਖਾਂ ਅਤੇ ਕਰੋੜਾਂ ਦੀ ਚੱਲ ਅਤੇ ਅਚੱਲ, ਬੇਨਾਮੀ ਅਤੇ ਬੇਨਾਮੀ ਜਾਇਦਾਦ ਹਾਸਲ ਕਰਨ ਵਿਚ ਸਫਲ ਰਹੇ ਹਨ, ਜਿਸ ਦੀ ਪੁਸ਼ਟੀ ਉਨ੍ਹਾਂ ਨੇ ਕੀਤੀ ਹੈ। ਆਮਦਨ ਇਹ ਰੁਪਏ ਤੋਂ ਵੱਧ ਦੀ ਜਾਇਦਾਦ ਪ੍ਰਾਪਤ ਕਰਕੇ ਵੀ ਕੀਤੀ ਜਾ ਸਕਦੀ ਹੈ।

ਦਿਲ ਦੇ ਰੋਗ ਸੰਸਥਾਨ ਦੇ ਸੂਤਰਾਂ ਅਨੁਸਾਰ ਡਾ: ਅਨਿਲ ਕੁਮਾਰ ਅਤੇ ਸਹਾਇਕ ਪ੍ਰੋਫੈਸਰ ਡਾ: ਸੰਦੀਪ ਗੌਤਮ ਵੀ ਡਾ: ਨੀਰਜ ਕੁਮਾਰ ਦੇ ਨਕਸ਼ੇ-ਕਦਮਾਂ ਤੇ ਚੱਲਦਿਆਂ ਵੱਖ-ਵੱਖ ਚਾਲਾਂ ਰਾਹੀਂ ਵੱਧ ਤੋਂ ਵੱਧ ਕਮਾਈ ਕਰਨ ਲਈ ਨਾ ਸਿਰਫ਼ ਕਾਰਡੀਓਲੋਜੀ ਦੇ ਅਕਸ ਨੂੰ ਖਰਾਬ ਕਰ ਰਹੇ ਹਨ ਅਤੇ ਸਰਕਾਰ, ਸਗੋਂ ਮਰੀਜ਼ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਆਰਥਿਕ ਨੁਕਸਾਨ ਵੀ ਕਰ ਰਹੀ ਹੈ, ਜਿਸ ਦੀ ਇੱਕ ਜ਼ਾਹਰ ਉਦਾਹਰਨ 8 ਜੂਨ 2023 ਨੂੰ ਡੋਰੀਲਾਲ ਕਥੇਰੀਆ ਪੁੱਤਰ ਮੂਲਚੰਦ ਵਾਸੀ ਨਗਲਾ ਸਵਰੂਪ ਬਰਹਾਨ ਜ਼ਿਲ੍ਹਾ ਦਾ ਦਾਖਲਾ ਹੈ। ਆਗਰਾ, ਡਾ: ਨੀਰਜ ਕੁਮਾਰ ਦੀ ਕਥਿਤ ਤੌਰ ਤੇ ਬੇਵਕਤੀ ਮੌਤ ਵੀ ਹੋਈ ਹੈ।

ਇਸ ਲਈ ਯੂਪੀ ਸਰਕਾਰ ਕਾਰਡੀਓਲੋਜੀ ਦੇ ਡਾਕਟਰ ਨੀਰਜ ਕੁਮਾਰ ਤੇ ਲੱਗੇ ਇਨ੍ਹਾਂ ਸਾਰੇ ਗੰਭੀਰ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਕਰ ਕੇ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਨਾ ਲੋਕ ਹਿੱਤ ਚ ਜ਼ਰੂਰੀ ਸਮਝ ਰਹੀ ਹੈ। ਆਖਿਰ ਸਵਾਲ ਇਹ ਹੈ ਕਿ ਕੀ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਅਸਲ ਵਿੱਚ ਕੋਈ ਕਾਰਗਰ ਕਾਰਵਾਈ ਹੋਵੇਗੀ ਜਾਂ ਫਿਰ ਮਾਮਲਾ ਰੁੱਕ ਜਾਵੇਗਾ। ਸਮਾਂ ਹੀ ਦੱਸੇਗਾ।

## ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ ਮੰਗਾਂ ਨੂੰ ਲੇ ਕੇ ਧਰਨਾ



ਧੂਰੀ ਲੋਕ ਬਾਣੀ - ਸਿਵਲ ਹਸਪਤਾਲ ਧੂਰੀ ਦੇ ਡਾਕਟਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੇ ਕੇ ਆਪਣੀ ਜਥੇਬੰਦੀ ਪੀ ਸੀ ਐਮ ਐਸ ਐਸੋਸੀਏਸ਼ਨ ਪੰਜਾਬ ਦੇ ਬੈਨਰ ਹੇਠ ਓ ਪੀ ਡੀ ਸੇਵਾਵਾਂ ਬੰਦ ਕਰਕੇ ਧਰਨਾ ਦਿੱਤਾ ਗਿਆ । ਇਸ ਮੌਕੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਧੂਰੀ ਦੇ ਐਸ ਐਮ ਓ ਡਾ ਮੁਹੰਮਦ ਅਖ਼ਤਰ , ਡਾ ਮਨਿੰਦਰਪਾਲ ਸਿੰਘ ਅਤੇ ਡਾ ਨਰੈਣ ਸਿੰਘ ਨੇ ਦੱਸਿਆ ਕਿ ਅੱਜ ਪੂਰੇ ਪੰਜਾਬ ਦੇ ਸਰਕਾਰੀ ਹਸਪਤਾਲ ਦੇ ਡਾਕਟਰਾਂ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ , ਜਿਸ ਤਹਿਤ ਸਿਵਲ ਹਸਪਤਾਲ ਧੂਰੀ ਵਿਖੇ ਅੱਜ ਡਾਕਟਰਾਂ ਵੱਲੋਂ ਓ ਪੀ ਡੀ ਸੇਵਾਵਾਂ ਬੰਦ ਕਰਕੇ ਧਰਨਾ ਦਿੱਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਸਾਡੀਆਂ ਮੁੱਖ ਮੰਗਾਂ ਸਿਵਲ ਹਸਪਤਾਲਾਂ ਵਿੱਚ ਡਾਕਟਰਾਂ ਦੀ ਸੁਰੱਖਿਆ ਦਾ ਪ੍ਰਬੰਧ ਕਰਨਾ , ਪੰਜਾਬ ਵਿੱਚ ਵਧ ਰਹੀ ਜਨਸੰਖਿਆ ਦੇ ਹਿਸਾਬ ਨਾਲ ਡਾਕਟਰਾਂ ਦੀਆਂ ਨਵੀਆਂ ਪੋਸਟਾਂ ਬਣਾ ਕੇ ਉਹਨਾਂ ਦੀ ਭਰਤੀ ਕਰਨਾ ਅਤੇ ਸਿਵਲ ਹਸਪਤਾਲ ਦੇ ਡਾਕਟਰਾਂ ਦੀ ਤਰੱਕੀ ਬਹਾਲ ਕਰਨਾ ਆਦਿ ਹਨ । ਉਨ੍ਹਾਂ ਕਿਹਾ ਕਿ ਕੱਲ੍ਹ ਸਿਹਤ ਮੰਤਰੀ ਬਲਵੀਰ ਸਿੰਘ ਨਾਲ ਡਾਕਟਰਾਂ ਦੀ ਮੀਟਿੰਗ ਵਿੱਚ ਡਾਕਟਰਾਂ ਦੀਆਂ ਮੰਗਾਂ ਸਬੰਧੀ ਕੋਈ ਮਸਲਾ ਹੱਲ ਨਹੀਂ ਹੋਇਆ , ਜਿਸ ਦੇ ਰੋਸ਼ ਵਜੋਂ ਅੱਜ ਇਹ ਧਰਨਾ ਦਿੱਤਾ ਗਿਆ ਹੈ । ਇਸ ਮੌਕੇ ਐਸ ਐਮ ਓ ਡਾ ਮੁਹੰਮਦ ਅਖ਼ਤਰ , ਡਾ ਮਨਿੰਦਰਪਾਲ ਸਿੰਘ , ਡਾ ਰਾਚਿਤਾ , ਡਾ ਸਿਮਰਨ , ਡਾ ਸਾਹਿਲ , ਡਾ ਨਰੈਣ ਸਿੰਘ ਅਤੇ ਹੋਰ ਡਾਕਟਰ ਵੀ ਹਾਜ਼ਰ ਸਨ ।

## ਕਰਮਚਾਰੀਆਂ ਦੀ ਹੜਤਾਲ ਦੇ ਬਾਵਜੂਦ ਪੀਐਸਪੀਸੀਐਲ ਖਪਤਕਾਰਾਂ ਨੂੰ ਦੇ ਰਿਹਾ ਹੈ ਨਿਰੰਤਰ ਸਪਲਾਈ-ਚੀਫ ਇੰਜੀਨੀਅਰ



ਅੰਮ੍ਰਿਤਸਰ ਲੋਕ ਬਾਣੀ - ਪੰਜਾਬ ਭਰ ਵਿੱਚ ਪੀਐਸ ਪੀਸੀਐਲ ਦੇ ਕਰਮਚਾਰੀਆਂ ਵੱਲੋਂ ਕੀਤੀ ਗਈ ਹੜਤਾਲ ਨਾਲ ਪ੍ਰਭਾਵਿਤ ਹੋਣ ਵਾਲੀ ਬਿਜਲੀ ਸਪਲਾਈ ਨੂੰ ਨਿਰਵਿਘਨ ਜਾਰੀ ਰੱਖਣ ਲਈ ਸਰਹੱਦੀ ਇਲਾਕੇ ਵਿੱਚ ਕੀਤੇ ਗਏ ਬਦਲਵੇਂ ਪ੍ਰਬੰਧਾਂ ਸਦਕਾ ਬਿਜਲੀ ਸਪਲਾਈ ਵਿੱਚ ਕੋਈ ਵਿਘਨ ਨਹੀਂ ਪਿਆ। ਚੀਫ ਇੰਜੀਨੀਅਰ ਬਾਰਡਰ ਜੋਨ ਦੇਸ ਰਾਜ ਬੰਗੜ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਡੇ ਤਕਰੀਬਨ 65 ਫੀਸਦੀ ਮੁਲਾਜ਼ਮ ਹੜਤਾਲ ਉੱਤੇ ਚੱਲ ਰਹੇ ਹਨ ਇਸ ਨੂੰ ਦੇਖਦੇ ਹੋਏ ਅਸੀਂ ਆਪਣੀ ਮੌਜੂਦਾ 45 ਫੀਸਦੀ ਹਾਜ਼ਰ ਕਰਮਚਾਰੀਆਂ ਤੋਂ ਇਲਾਵਾ ਜੂਨੀਅਰ ਇੰਜੀਨੀਅਰ ਐਸਡੀਓ ਐਕਸੀਅਨ ਬਿਜਲੀ ਸਪਲਾਈ ਨਿਰੰਤਰ ਜਾਰੀ ਰੱਖਣ ਲਈ ਵੱਖ ਵੱਖ ਖੇਤਰਾਂ ਵਿੱਚ ਤੈਨਾਤ ਕੀਤੇ ਹਨ, ਇਸ ਤੋਂ ਇਲਾਵਾ ਅਸੀਂ ਮੁੱਖ ਦਫਤਰ ਵਿਖੇ ਤੈਨਾਤ ਅਧਿਕਾਰੀਆਂ ਵਿੱਚੋਂ ਵੀ ਕਈ ਅਧਿਕਾਰੀਆਂ ਨੂੰ ਆਪਣੇ ਖੇਤਰ ਵਿੱਚ ਡਿਊਟੀ ਉੱਤੇ ਬੁਲਾਇਆ ਹੈ ਜਿਸ ਨਾਲ ਸਾਡੀ ਬਿਜਲੀ ਸਪਲਾਈ ਫਿਲਹਾਲ ਬਿਨਾਂ ਕਿਸੇ ਰੁਕਾਵਟ ਦੇ ਚੱਲ ਰਹੀ ਹੈ।

ਇਸ ਮੌਕੇ ਸੀਨੀਅਰ ਇੰਜੀਨੀਅਰ ਸਭ ਅਰਬਨ ਗੁਰਸ਼ਰਨਜੀਤ ਸਿੰਘ ਖਹਿਰਾ ਨੇ ਦੱਸਿਆ ਕਿ ਸ਼ਹਿਰ ਵਿੱਚ ਸਾਡੇ ਕੋਲ ਕੰਪਲੇਂਟ ਹੈਂਡਲਿੰਗ ਬਾਈਕ ਦਾ ਤਕਰੀਬਨ 200 ਕਰਮਚਾਰੀ ਇਸ ਵੇਲੇ ਬਿਜਲੀ ਸਪਲਾਈ ਨੂੰ ਜਾਰੀ ਰੱਖਣ ਵਿੱਚ ਸਾਡੇ ਨਾਲ ਕੰਮ ਕਰ ਰਿਹਾ ਹੈ। ਉਹਨਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਅਸੀਂ ਖਪਤਕਾਰਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਬਿਜਲੀ ਸਪਲਾਈ ਦਿੰਦੇ ਰਹੀਏ। ਉਹਨਾਂ ਜਿਲਾ ਵਾਸੀਆਂ ਨੂੰ ਵੀ ਸਹਿਯੋਗ ਦੇਣ ਦੀ ਅਪੀਲ ਕਰਦੇ ਕਿਹਾ ਕਿ ਅਜਿਹੇ ਵਿੱਚ ਜੇਕਰ ਕਿਧਰੇ ਕੋਈ ਸ਼ਿਕਾਇਤ ਦਾ ਹੱਲ ਕਰਨ ਵਿੱਚ ਥੋੜੀ ਦੇਰੀ ਹੁੰਦੀ ਹੈ ਤਾਂ ਉਹ ਵਿਭਾਗ ਦਾ ਸਾਥ ਦੇਣ ਅਤੇ ਕਰਮਚਾਰੀਆਂ ਨਾਲ ਸਹਿਯੋਗ ਕਰਨ। ਖਹਿਰਾ ਨੇ ਦੱਸਿਆ ਕਿ ਅੰਮ੍ਰਿਤਸਰ ਵਿੱਚ ਤਕਰੀਬਨ 1600 ਦੇ ਕਰੀਬ ਕਰਮਚਾਰੀ ਡਿਊਟੀ ਉੱਤੇ ਨਿਯੁਕਤ ਹਨ ਜਿਨਾਂ ਵਿੱਚੋਂ ਇਸ ਵੇਲੇ ਲਗਭਗ ਸਾਢੇ 400 ਬੰਦਾ ਕੰਮ ਕਰ ਰਿਹਾ ਹੈ ਜਦ ਕਿ ਬਾਕੀ ਹੜਤਾਲ ਉੱਤੇ ਚੱਲ ਰਹੇ ਹਨ ਇਸ ਦੇ ਚਲਦੇ ਸਾਡੇ ਬਦਲਵੇਂ ਪ੍ਰਬੰਧਾਂ ਨਾਲ ਬਿਜਲੀ ਸਪਲਾਈ ਨਿਰੰਤਰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਸਿਵਲ ਸਰਜਨ ਡਾ.ਕਿਰਨਦੀਪ ਕੋਰ ਵਲੋਂ ਐਮਰਜੈਂਸੀ ਅਤੇ ਗਾਇਨੀ ਸੇਵਾਵਾਂ ਦਾ ਕੀਤਾ ਅਚਨਚੇਤ ਨਿਰੀਖਣ



ਅੰਮ੍ਰਿਤਸਰ,ਲੋਕ ਬਾਣੀ -- ਪੰਜਾਬ ਸਰਕਾਰ ਦੇ ਹੁਕਮਾਂ ਅਨੂਸਾਰ ਸਿਵਲ ਸਰਜਨ ਡਾ.ਕਿਰਨਦੀਪ ਕੌਰ ਵਲੋਂ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਐਮਰਜੈਂਸੀ ਅਤੇ ਗਾਇਨੀ ਵਾਰਡ ਵਿੱਚ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਦੌਰਾਨ ਉਹਨਾਂ ਵਲੋਂ ਐਮਰਜੈਂਸੀ ਵਾਰਡ ਵਿਚ ਦਾਖਿਲ ਮਰੀਜਾਂ ਪਾਸੋਂ ਪੁਛ-ਗਿਛ ਕੀਤੀ ਅਤੇ ਐਮਰਜੈਂਸੀ ਵਾਰਡ ਦੀ ਜਾਂਚ ਕੀਤੀ ਗਈ। ਇਸ ਦੌਰਾਣ ਐਮਰਜੈਂਸੀ ਵਿਚ ਤੈਨਾਤ ਸਟਾਫ ਦੀ ਹਾਜਰੀ ਚੈਕ ਕੀਤੀ, ਜਿਸ ਵਿਚ ਐਮਰਜੈਂਸੀ ਮੈਡੀਕਲ ਅਫਸਰਾਂ ਸਮੇਤ ਸਮੂਹ ਸਟਾਫ ਹਾਜਰ ਪਾਇਆ ਗਿਆ। ਇਸਦੇ ਨਾਲ ਹੀ ਜਰੂਰੀ ਦਵਾਈਆਂ ਅਤੇ ਐਮਰਜੈਂਸੀ ਸੇਵਾਵਾਂ ਦੇ ਪ੍ਰਬੰਧਾ ਦਾ ਵੀ ਜਾਇਜਾ ਲਿਆ ਗਿਆ। ਇਸ ਤੋਂ ਬਾਦ ਉਹਨਾਂ ਵਲੋਂ ਲੇਬਰ-ਰੂਮ ਅਤੇ ਗਾਇਨੀ ਵਾਰਡ ਵਿਚ ਵੀ ਚੈਕਿੰਗ ਕੀਤੀ ਗਈ, ਇਸ ਦੌਰਾਣ ਸਵੇਰ ਤੋਂ ਲੈ ਕੇ ਦੁਪਿਹਰ 1 ਵਜੇ ਤੱਕ 7 ਸਜੇਰੀਅਨ ਕੇਸ,5 ਨਾਰਮਲ ਡਲਿਵਰੀ ਅਤੇ 1 ਡੀ.ਐਨ.ਸੀ ਕੇਸ ਕੀਤੇ ਜਾ ਚੁਕੇ ਸਨ। ਇਸ ਉਪਰੰਤ ਉਹਨਾਂ ਵਲੋਂ ਸੰਬਧਤ ਸਟਾਫ ਨੂੰ ਮੌਕੇ ਤੇ ਹੋਰ ਬੇਹਤਰ ਸੇਵਾਵਾਂ ਦੇਣ ਸੰਬਧੀ ਹਿਦਾਇਤਾਂ ਦਿੱਤੀਆਂ ਗਈਆ ਅਤੇ ਸਿਵਲ ਹਸਪਤਾਲ ਦੇ ਸਮੂਹ ਮੈਡੀਕਲ ਅਫਸਰਾਂ ਅਤੇ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਕਿਹਾ। ਇਸ ਅਵਸਰ ਤੇ ਸੀਨੀਅਰ ਮੈਡੀਕਲ ਅਫਸਰ ਡਾ ਪ੍ਰੀਤਵਿਨ ਅਤੇ ਜ਼ਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ ਵੀ ਹਾਜਰ ਸਨ।

# '94ਸੀ ਦੇਸ਼ ਦੀ ਸਾਈਬਰ ਸੁਰੱਖਿਆ ਦਾ ਮਜ਼ਬੂਤ ਥੰਮ: ਅਮਿਤ ਸ਼ਾਹ




ਚੰਡੀਗੜ੍ਹ, ਲੋਕ ਬਾਣੀ - '94 ਸੀ ਦੇ ਪਹਿਲੇ ਸਥਾਪਨਾ ਦਿਵਸ ਤੇ ਮੁੱਖ ਮਹਿਮਾਨ ਵਜੋਂ, ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਆਪਣੇ ਸੰਬੋਧਨ ਵਿੱਚ ਸਪੱਸ਼ਟ ਕੀਤਾ ਕਿ, ਪਿਛਲੇ 9 ਸਾਲਾਂ ਵਿੱਚ, '94ਸੀ ਵਿਚਾਰ ਤੋਂ ਪਹਿਲ ਅਤੇ ਪਹਿਲ ਤੋਂ ਸੰਸਥਾ ਵਿੱਚ ਬਦਲ ਗਿਆ ਹੈ। , ਅੱਜ ਇਹ ਦੇਸ਼ ਦਾ ਸਾਈਬਰ ਲੀਡਰ ਬਣ ਗਿਆ ਹੈ, ਇਹ ਸੁਰੱਖਿਆ ਦਾ ਇੱਕ ਮਜ਼ਬੂਤ ਥੰਮ ਬਣ ਗਿਆ ਹੈ। ਇਸ ਮੌਕੇ ਤੇ ਸ਼ਾਹ ਨੇ '94ਸੀ ਦੇ ਚਾਰ ਪ੍ਰਮੁੱਖ ਪਲੇਟਫਾਰਮਾਂ - ਸ਼ੱਕੀ ਰਜਿਸਟਰੀ, ਸਾਈਬਰ ਕਮਾਂਡੋ, ਸਾਈਬਰ ਫਰਾਡ ਮਿਟੀਗੇਸ਼ਨ ਸੈਂਟਰ ਅਤੇ ਕੋਆਰਡੀਨੇਸ਼ਨ ਪਲੇਟਫਾਰਮ - ਦੀ ਸ਼ੁਰੂਆਤ ਵੀ ਕੀਤੀ - ਜੋ ਸਾਈਬਰ ਅਪਰਾਧ ਵਿਰੁੱਧ ਸਫਲ ਲੜਾਈ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ।

'94ਸੀ ਦੀ ਸਥਾਪਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਚ 20 15 ਚ ਸੁਰੱਖਿਅਤ ਸਾਈਬਰ ਸਪੇਸ ਮੁਹਿੰਮ ਤਹਿਤ ਕੀਤੀ ਗਈ ਸੀ। ਸਾਲ 2019 ਵਿੱਚ ਗ੍ਰਹਿ ਮੰਤਰੀ ਬਣਨ ਤੋਂ ਬਾਅਦ, ਅਮਿਤ ਸ਼ਾਹ ਦੀ ਅਗਵਾਈ ਵਿੱਚ, '94ਸੀ ਸਾਈਬਰ ਸੁਰੱਖਿਅਤ ਭਾਰਤ ਦਾ ਇੱਕ ਮਜ਼ਬੂਤ ਥੰਮ ਬਣਨ ਵੱਲ ਵਧ ਰਿਹਾ ਹੈ। ਇਹ ਸਭ ਜਾਣਦੇ ਹਨ ਕਿ ਤਕਨਾਲੋਜੀ ਇਸ ਸੰਸਾਰ ਲਈ ਵਰਦਾਨ ਅਤੇ ਸਰਾਪ ਹੈ। ਟੈਕਨਾਲੋਜੀ ਦੀ ਵਧਦੀ ਵਰਤੋਂ ਕਾਰਨ ਦੇਸ਼ ਵਿੱਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿੱਚ ਕਈ ਖਤਰੇ ਪੈਦਾ ਹੋ ਰਹੇ ਹਨ, ਇਸ ਲਈ ਇਹ ਸਪੱਸ਼ਟ ਹੈ ਕਿ ਸਾਈਬਰ ਸੁਰੱਖਿਆ ਹੁਣ ਸਿਰਫ਼ ਡਿਜੀਟਲ ਦੁਨੀਆ ਤੱਕ ਹੀ ਸੀਮਤ ਨਹੀਂ ਹੈ, ਸਗੋਂ ਰਾਸ਼ਟਰੀ ਸੁਰੱਖਿਆ ਦਾ ਇੱਕ ਮਹੱਤਵਪੂਰਨ ਪਹਿਲੂ ਵੀ ਹੈ। ਗਲੋਬਲ ਵਿਲੇਜ ਦੇ ਇਸ ਯੁੱਗ ਵਿਚ ਇਹ ਵੀ ਤੈਅ ਹੈ ਕਿ ਕੋਈ ਵੀ ਸੰਸਥਾ ਇਕੱਲੇ ਸਾਈਬਰ ਸਪੇਸ ਨੂੰ ਸੁਰੱਖਿਅਤ ਨਹੀਂ ਰੱਖ ਸਕਦੀ। ਇਹ ਉਦੋਂ ਹੀ ਸੰਭਵ ਹੈ ਜਦੋਂ ਬਹੁਤ ਸਾਰੇ ਹਿੱਸੇਦਾਰ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਅਤੇ ਇੱਕੋ ਰਸਤੇ ਤੇ ਅੱਗੇ ਵਧਣ। ਕਿਉਂਕਿ, ਰਾਜਾਂ ਜਾਂ ਦੇਸ਼ਾਂ ਦੀਆਂ ਆਪਣੀਆਂ ਸੀਮਾਵਾਂ ਹਨ ਪਰ ਇੰਟਰਨੈਟ ਅਤੇ ਤਕਨਾਲੋਜੀ ਤੇ ਅਧਾਰਤ ਸਾਈਬਰ ਅਪਰਾਧਾਂ ਜਾਂ ਸਾਈਬਰ ਅਪਰਾਧੀਆਂ ਦੀ ਕੋਈ ਸੀਮਾ ਨਹੀਂ ਹੈ।

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਈਬਰ ਸੁਰੱਖਿਅਤ ਭਾਰਤ ਲਈ ਵਚਨਬੱਧ ਅਮਿਤ ਸ਼ਾਹ ਦੀ ਯੋਗ ਅਗਵਾਈ ਹੇਠ, '94ਸੀ 72 ਤੋਂ ਵੱਧ ਟੀਵੀ ਚੈਨਲਾਂ, 190 ਰੇਡੀਓ ਐੱਫ.ਐੱਮ. ਚੈਨਲਾਂ, ਸਿਨੇਮਾ ਹਾਲਾਂ ਅਤੇ ਕਈ ਹੋਰਾਂ ਰਾਹੀਂ ਜਨ ਜਾਗਰੂਕਤਾ ਮੁਹਿੰਮ ਚਲਾ ਰਿਹਾ ਹੈ। ਦੇਸ਼ ਵਿੱਚ ਪਲੇਟਫਾਰਮ. ਕਿਉਂਕਿ, ਜਦੋਂ ਤੱਕ ਧੋਖਾਧੜੀ ਦਾ ਸ਼ਿਕਾਰ ਵਿਅਕਤੀ ਇਹ ਨਹੀਂ ਜਾਣਦਾ ਕਿ ਸਾਈਬਰ ਅਪਰਾਧ ਤੋਂ ਕਿਵੇਂ ਬਚਣਾ ਹੈ, ਇਹ ਮੁਹਿੰਮ ਸਫਲ ਨਹੀਂ ਹੋ ਸਕਦੀ। ਇਸ ਲਈ, ਸਾਈਬਰ ਅਪਰਾਧ ਨੂੰ ਰੋਕਣ ਲਈ, ਹੈਲਪਲਾਈਨ ਨੰਬਰ 1930 ਅਤੇ ਆਈ4ਸੀ ਦੇ ਪਲੇਟਫਾਰਮਾਂ ਨੂੰ ਲੋਕਾਂ ਤੱਕ ਪਹੁੰਚਯੋਗ ਬਣਾਉਣਾ ਬਹੁਤ ਜ਼ਰੂਰੀ ਹੈ।

ਇੱਕ ਅੰਕੜੇ ਮੁਤਾਬਕ ਦੇਸ਼ ਵਿੱਚ 31 ਮਾਰਚ 2014 ਤੱਕ ਇੰਟਰਨੈੱਟ ਉਪਭੋਗਤਾਵਾਂ ਦੀ ਗਿਣਤੀ 25 ਕਰੋੜ ਸੀ, ਜੋ 31 ਮਾਰਚ 2024 ਤੱਕ ਵੱਧ ਕੇ 95 ਕਰੋੜ ਹੋ ਗਈ ਹੈ। ਡਿਜੀਟਲ ਇੰਡੀਆ ਪਹਿਲਕਦਮੀ ਕਾਰਨ ਜਿੱਥੇ 35 ਕਰੋੜ ਜਨ ਧਨ ਖਾਤੇ ਅਤੇ 36 ਕਰੋੜ ਡੈਬਿਟ ਕਾਰਡ ਵਰਗੀਆਂ ਸੇਵਾਵਾਂ ਆਸਾਨ ਹੋ ਗਈਆਂ ਹਨ, ਉੱਥੇ ਹੀ ਸਾਲ 2024 ਵਿੱਚ 20 ਲੱਖ 64 ਹਜ਼ਾਰ ਕਰੋੜ ਰੁਪਏ ਦੇ ਯੂਪੀਆਈ ਲੈਣ-ਦੇਣ ਵੀ ਸੰਭਵ ਹੋ ਗਏ ਹਨ। ਸਾਲ 2014 ਵਿੱਚ ਦੇਸ਼ ਦੀਆਂ ਸਿਰਫ 600 ਪੰਚਾਇਤਾਂ ਹੀ ਇੰਟਰਨੈੱਟ ਨਾਲ ਜੁੜੀਆਂ ਸਨ, ਅੱਜ 2,13,000 ਪੰਚਾਇਤਾਂ ਜੁੜੀਆਂ ਹੋਈਆਂ ਹਨ। ਇਹ ਸੁਭਾਵਿਕ ਹੈ ਕਿ ਜਿਵੇਂ-ਜਿਵੇਂ ਡਿਜੀਟਲ ਖਾਤੇ ਅਤੇ ਡਿਜੀਟਲ ਲੈਣ-ਦੇਣ ਵਧਦੇ ਹਨ, ਡਿਜੀਟਲ ਧੋਖਾਧੜੀ ਤੋਂ ਸੁਰੱਖਿਆ ਦੀ ਲੋੜ ਵੀ ਵਧਦੀ ਹੈ। ਅੱਜ ਦੇਸ਼ ਹੀ ਨਹੀਂ ਬਲਕਿ ਪੂਰੀ ਦੁਨੀਆ ਸਾਈਬਰ ਅਪਰਾਧੀਆਂ ਦੁਆਰਾ ਨਿੱਜੀ ਡੇਟਾ ਦੀ ਵਿਕਰੀ, ਔਨਲਾਈਨ ਉਤਪੀੜਨ, ਔਰਤਾਂ ਅਤੇ ਬੱਚਿਆਂ ਦਾ ਸ਼ੋਸ਼ਣ, ਜਾਅਲੀ ਖ਼ਬਰਾਂ ਅਤੇ ਟੂਲ ਕਿੱਟਾਂ, ਗਲਤ ਸੂਚਨਾ ਮੁਹਿੰਮਾਂ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ।

## ਦਸਵੀਂ ਵਰੇਗੰਡ ਤੇ ਵਧਾਈਆਂ



ਰੋਜ਼ਾਨਾ ਲੋਕ ਬਾਣੀ
www.lokbani

ਬਲਜੀਤ ਸਿੰਘ ਅਤੇ ਸਿਮਰਜੀਤ ਕੌਰ ਨਿਵਾਸੀ ਪਿੰਡ ਮਾਹਲ,ਅੰਮ੍ਰਿਤਸਰ ਨੂੰ ਵਿਆਹ ਦੀ ਦਸਵੀਂ ਵਰੇਗੰਡ ਤੇ ਵਧਾਈਆਂ

# ਯਮੁਨਾਨਗਰ ਦੀ ਪਹਿਲੀ ਰਿਜ਼ੋਰਟ ਸ਼ੈਲੀ ਦੀ ਰਹਿਣ ਵਾਲੀ ਟਾਊਨਸ਼ਿਪ, ਐਮਪੀਰੀਅਮ ਰਿਜ਼ੋਰਟਿਕੋ ਦਾ ਉਦਘਾਟਨ

ਚੰਡੀਗੜ੍ਹ, ਲੋਕ ਬਾਣੀ - ਰੀਅਲ ਅਸਟੇਟ ਉਦਯੋਗ ਵਿੱਚ ਇੱਕ ਪ੍ਰਸਿੱਧ ਨਾਮ, ਐਮਪੀਰੀਅਮ, ਨੇ ਯਮੁਨਾਨਗਰ ਦੀ ਪਹਿਲੀ ਰਿਜ਼ੋਰਟ-ਸ਼ੈਲੀ ਦੀ ਥੀਮ-ਅਧਾਰਿਤ ਟਾਊਨਸ਼ਿਪ, ਐਮਪੀਰੀਅਮ ਰਿਜ਼ੋਰਟਿਕੋ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ, ਜੋ ਕਿ ਤੇਜ਼ੀ ਨਾਲ ਵਧ ਰਹੇ ਸੈਕਟਰ 33 ਅਤੇ 34 ਵਿੱਚ ਸਥਿਤ ਹੈ। 40 ਏਕੜ ਦੇ ਇੱਕ ਪ੍ਰਭਾਵਸ਼ਾਲੀ ਖੇਤਰ ਵਿੱਚ ਫੈਲਿਆ, ਇਹ ਨਵੀਨਤਾਕਾਰੀ ਵਿਕਾਸ ਸੰਭਾਵੀ ਖਰੀਦਦਾਰਾਂ ਨੂੰ ਪਲਾਟਾਂ, ਆਲੀਸ਼ਾਨ ਵਿਲਾ ਅਤੇ ਫਰਸ਼ਾਂ ਅਤੇ ਐਸਸੀਓ ਪਲਾਟਾਂ ਵਿੱਚ ਨਿਵੇਸ਼ ਕਰਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ।

ਇਸ ਪ੍ਰੋਜੈਕਟ ਵਿੱਚ ਕਲੱਬ 360 ਦੇ ਨਾਲ ਮਨੋਰੰਜਨ ਸੁਵਿਧਾਵਾਂ, ਸਵੀਮਿੰਗ ਪੂਲ ਅਤੇ ਕਿਡਜ਼ ਪੂਲ, ਪੂਰੀ ਤਰ੍ਹਾਂ ਨਾਲ ਲੈਸ ਜਿਮ, ਮਲਟੀਪਰਪਜ਼ ਸਪੋਰਟਸ ਕੋਰਟ, ਚਿਲਡਰਨਜ਼ ਪਲੇ ਏਰੀਆ, ਜੌਗਿੰਗ ਟ੍ਰੈਕ, 100% ਗੇਟਡ ਕਮਿਊਨਿਟੀ, ਸੀਸੀਟੀਵੀ ਦੇ ਨਾਲ 24/7 ਸੁਰੱਖਿਆ ਸਮੇਤ ਉੱਚ ਪੱਧਰੀ ਸਹੂਲਤਾਂ ਦੀ ਇੱਕ ਲੜੀ ਹੈ। ਨਿਗਰਾਨੀ ਇਹ ਮੁਕੰਦ ਲਾਲ ਨੈਸ਼ਨਲ ਕਾਲਜ ਅਤੇ ਡੀਪੀਐਸ ਯਮੁਨਾਨਗਰ ਵਰਗੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਦੇ ਨੇੜੇ ਸਥਿਤ ਹੈ।

ਰਵੀ ਸੌਂਦ, ਸੰਸਥਾਪਕ ਨਿਰਦੇਸ਼ਕ, ਐਮਪੀਰੀਅਮ ਪ੍ਰਾਈਵੇਟ ਲਿਮਟਿਡ, ਨੇ ਲਾਂਚ ਤੇ ਆਪਣੇ ਵਿਚਾਰ ਸਾਂਝੇ ਕੀਤੇ: ਰਿਜ਼ੋਰਟਿਕੋ ਯਮੁਨਾਨਗਰ ਵਰਗੇ ਟੀਅਰ-2 ਸ਼ਹਿਰਾਂ ਵਿੱਚ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਸਾਡੀ ਵਚਨਬੱਧਤਾ ਦਾ ਪ੍ਰਤੀਬਿੰਬ ਹੈ, ਜਿਵੇਂ ਕਿ ਸ਼ਹਿਰੀਕਰਨ ਦਾ ਵਿਸਥਾਰ ਹੁੰਦਾ ਹੈ, ਅਸੀਂ ਵਿੱਚ ਬਹੁਤ ਸੰਭਾਵਨਾਵਾਂ ਦੇਖਦੇ ਹਾਂ ਪ੍ਰੀਮੀਅਮ ਹਾਊਸਿੰਗ ਸਮਾਧਾਨ ਪ੍ਰਦਾਨ ਕਰਨਾ ਸਾਡਾ ਦ੍ਰਿਸ਼ਟੀਕੋਣ ਇੱਕ ਅਜਿਹਾ ਭਾਈਚਾਰਾ ਬਣਾਉਣਾ ਹੈ ਜੋ ਨਾ ਸਿਰਫ਼ ਘਰ ਪ੍ਰਦਾਨ ਕਰਦਾ ਹੈ ਸਗੋਂ ਹਰ ਨਿਵਾਸੀ ਲਈ ਇੱਕ ਬਿਹਤਰ ਜੀਵਨ ਸ਼ੈਲੀ ਵੀ ਪ੍ਰਦਾਨ ਕਰਦਾ ਹੈ।

ਹਰਦੀਪ ਸਿੰਘ, ਬਾਨੀ ਡਾਇਰੈਕਟਰ, ਐਮਪੀਰੀਅਮ ਪ੍ਰਾਈਵੇਟ ਲਿਮਟਿਡ ਨੂੰ ਰੀਅਲ ਅਸਟੇਟ ਸੈਕਟਰ ਵਿੱਚ ਆਪਣੀ ਮਜ਼ਬੂਤ ਸਾਖ, ਨਵੀਨਤਾਕਾਰੀ ਪਹੁੰਚ, ਉੱਤਮਤਾ ਪ੍ਰਤੀ ਸਮਰਪਣ ਅਤੇ ਸਮੇਂ ਸਿਰ ਡਿਲੀਵਰੀ ਦੀ ਵਿਰਾਸਤ ਤੇ ਮਾਣ ਹੈ। ਰਿਜ਼ੋਰਟਿਕੋ ਦੀ ਸ਼ੁਰੂਆਤ ਦੇ ਨਾਲ, ਕੰਪਨੀ ਸ਼ਹਿਰੀ ਜੀਵਨ ਨੂੰ ਮੁੜ ਪਰਿਭਾਸ਼ਿਤ ਕਰਨ ਵਾਲੇ ਪ੍ਰਸਿੱਧ ਸਥਾਨਾਂ ਨੂੰ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਜਾਰੀ ਰੱਖਦੀ ਹੈ।




SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in



St. Soldier GROUP OF INSTITUTIONS
EDUCATIONAL 64 YEARS EXCELLENCE SINCE 1958
MORE THAN •56 Colleges & Schools •200 Merit Positions •125 Companies For Placements •75 Academic Courses •2000 Placements in 2022-2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565